ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2561 | 21 August, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਟਰੰਪ ਵੱਲੋਂ ਕੈਨੇਡੀਅਨ ਆਯਾਤ 'ਤੇ 50 ਪ੍ਰਤੀਸ਼ਤ ਟੈਰਿਫ ਦਾ ਫੈਸਲਾ ਮੁਲਤਵੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੈਨੇਡਾ ਤੋਂ ਆਯਾਤ ਹੋਣ ਵਾਲੇ 20 ਬਿਲੀਅਨ ਡਾਲਰ ਦੇ ਸਾਮਾਨ 'ਤੇ 50 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਫ਼ੈਸਲੇ ਨੂੰ ਮੁਲਤਵੀ ਕਰ ਦਿੱਤਾ ਹੈ। ਇਹ ਫੈਸਲਾ ਦੋਵਾਂ ਦੇਸ਼ਾਂ ਵਿਚਕਾਰ ਪਾਬੰਦੀਆਂ ਲਾਗੂ ਹੋਣ ਤੋਂ ਕੁਝ ਘੰਟੇ ਪਹਿਲਾਂ ਆਖਰੀ ਮਿੰਟ ਦੇ ਸਮਝੌਤੇ ਤੋਂ ਬਾਅਦ ਲਿਆ ਗਿਆ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਟਰੰਪ ਦੇ ਐਲਾਨ ਨੇ ਹੋਰ ਗੱਲਬਾਤ ਲਈ ਸਮਾਂ ਮਿਲ ਗਿਆ ਹੈ। ਇਸ ਕਦਮ ਨੇ ਫਿਲਹਾਲ, ਦੋਵਾਂ ਦੇਸ਼ਾਂ ਵਿਚਕਾਰ ਪਹਿਲਾਂ ਤੋਂ ਹੀ ਤਣਾਅਪੂਰਨ ਸਬੰਧਾਂ ਵਿਚ ਹੋਰ ਕੁੜੱਤਣ ਨੂੰ ਰੋਕਿਆ ਹੈ। ਟੈਰਿਫ ਦੀ ਆਖਰੀ ਮਿਤੀ ਤੋਂ ਦੋ ਘੰਟੇ ਤੋਂ ਵੀ ਘੱਟ ਸਮੇਂ ਪਹਿਲਾਂ, ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਪੋਸਟ ਕੀਤਾ, "ਮੈਂ ਕੈਨੇਡਾ 'ਤੇ ਲੱਗਣ ਵਾਲੇ 50 ਪ੍ਰਤੀਸ਼ਤ ਟੈਰਿਫ ਮੁਲਤਵੀ ਕਰ ਦਿੱਤੇ ਹਨ। ਇਹ ਕੱਲ੍ਹ ਸਵੇਰੇ ਤਿੰਨ ਦਿਨਾਂ ਦੀ ਮਿਆਦ ਲਈ ਲਾਗੂ ਹੋਣੇ ਸਨ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਇੱਕ ਸਮਝੌਤਾ ਹੋ ਗਿਆ ਹੈ।" ਟਰੰਪ ਦੁਆਰਾ ਲਗਾਈਆਂ ਗਈਆਂ ਇਹ ਆਯਾਤ ਡਿਊਟੀਆਂ ਹਰ ਸਾਲ ਕੈਨੇਡਾ ਤੋਂ ਸੰਯੁਕਤ ਰਾਜ ਅਮਰੀਕਾ ਭੇਜੇ ਜਾਣ ਵਾਲੇ ਕੁੱਲ ਸਮਾਨ ਦੇ



ਲਗਭਗ ਪੰਜ ਪ੍ਰਤੀਸ਼ਤ ਨੂੰ ਪ੍ਰਭਾਵਿਤ ਕਰਦੀਆਂ। ਇਨ੍ਹਾਂ ਵਿਚ ਹਾਕੀ ਸਟਿੱਕਾਂ ਤੋਂ ਲੈ ਕੇ ਜੀਭ ਦੀ ਜਾਂਚ ਵਿਚ ਵਰਤੇ ਜਾਣ ਵਾਲੇ ਉਤਪਾਦਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੈ। ਹਾਲਾਂਕਿ ਰਾਜਨੀਤਿਕ ਪ੍ਰਭਾਵ ਆਰਥਿਕ ਪ੍ਰਭਾਵ ਤੋਂ ਵੱਧ ਹੋਣ ਦੀ ਸੰਭਾਵਨਾ ਸੀ। ਕੈਨੇਡਾ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਨਵੇਂ ਟੈਰਿਫ ਲਗਾਏ ਜਾਂਦੇ ਹਨ ਤਾਂ ਉਹ ਆਪਣੇ ਟੈਰਿਫਾਂ ਨਾਲ ਜਵਾਬ ਦੇਵੇਗਾ। ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਵਿਵਾਦ ਹੋਰ ਵੀ ਵਧ ਸਕਦਾ ਸੀ। ਪਿਛਲੇ ਸਾਲ ਦੋਵਾਂ ਦੇਸ਼ਾਂ ਵਿਚਕਾਰ 880 ਬਿਲੀਅਨ ਅਮਰੀਕੀ ਡਾਲਰ ਦੇ ਸਮਾਨ ਅਤੇ ਸੇਵਾਵਾਂ ਦਾ ਵਪਾਰ ਹੋਇਆ ਸੀ।

## ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ 'ਈ.ਡੀ. ਪਾਰਟੀ', ਪੰਜਾਬ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਪੁਰਾਣੇ ਜਮਹੂਰੀਅਤ ਵਿਰੋਧੀ ਹਥਕੰਡੇ ਅਪਣਾਏ ਜਾ ਰਹੇ ਹਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਪ ਦੇ ਸੀਨੀਅਰ ਆਗੂ ਅਤੇ ਪੰਜਾਬ ਸਹਿ-ਪ੍ਰਭਾਰੀ ਸਤੇਂਦਰ ਜੈਨ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ 'ਈ.ਡੀ. ਪਾਰਟੀ' (ਭਾਜਪਾ) ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਲਈ ਇਕ ਵਾਰ ਫਿਰ ਆਪਣੇ ਪੁਰਾਣੇ ਜਮਹੂਰੀਅਤ ਵਿਰੋਧੀ ਹਥਕੰਡੇ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਭਾਜਪਾ ਦਾ ਪੰਜਾਬ ਵਿੱਚ ਕੋਈ ਸਿਆਸੀ ਆਧਾਰ ਨਹੀਂ ਹੈ, ਉਹ ਆਪਣੇ ਸਿਆਸੀ ਵਿਰੋਧੀਆਂ ਨੂੰ ਬਦਨਾਮ ਕਰਨ, ਧਮਕਾਉਣ ਤੇ ਦਬਾਉਣ ਲਈ ਈ.ਡੀ. ਅਤੇ ਸੀ.ਬੀ.ਆਈ. ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ ਪਰ ਅਜਿਹੀ ਸਿਆਸੀ ਬਦਲਾਖੋਰੀ 'ਆਪ' ਸਰਕਾਰ ਨੂੰ ਆਮ ਲੋਕਾਂ ਲਈ ਕੰਮ ਕਰਨ ਤੋਂ ਨਹੀਂ ਰੋਕ ਸਕੇਗੀ। ਭਾਜਪਾ ਵੱਲੋਂ ਆਪਣੀ ਸਰਕਾਰ 'ਤੇ ਕੀਤੇ ਜਾ ਰਹੇ ਹਮਲਿਆਂ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਨੂੰ ਉਨ੍ਹਾਂ ਲੋਕਾਂ ਤੋਂ ਇਮਾਨਦਾਰੀ, ਦੇਸ਼ ਭਗਤੀ ਜਾਂ ਰਾਸ਼ਟਰਵਾਦ ਦਾ ਕੋਈ ਸਰਟੀਫਿਕੇਟ ਨਹੀਂ ਚਾਹੀਦਾ, ਜਿਨ੍ਹਾਂ ਨੇ ਪੰਜਾਬ ਅਤੇ ਇਸ ਦੇ ਲੋਕਾਂ ਨੂੰ ਬੇਰਹਿਮੀ ਨਾਲ ਲੁੱਟਿਆ ਹੈ। ਐਕਸ 'ਤੇ ਪੋਸਟ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਤੇਂਦਰ ਜੈਨ ਜੀ ਦੀ ਗ੍ਰਿਫ਼ਤਾਰੀ ਸਿਆਸੀ ਬਦਲਾਖੋਰੀ ਦੀ ਪ੍ਰਤੱਖ ਮਿਸਾਲ ਹੈ। ਕੇਂਦਰ ਸਰਕਾਰ ਵਿਰੋਧੀ ਧਿਰ ਦੇ ਆਗੂਆਂ ਨੂੰ ਡਰਾਉਣ ਅਤੇ ਦਬਾਉਣ ਲਈ ਈ.ਡੀ. ਵਰਗੀਆਂ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਜਿਨ੍ਹਾਂ ਨੇ ਖ਼ੁਦ ਪੰਜਾਬ ਨੂੰ ਵੇਚਿਆ ਹੈ, ਉਹ ਅੱਜ ਸਾਡੇ ਤੋਂ ਸਵਾਲ ਪੁੱਛ ਰਹੇ ਹਨ। ਇਹ ਤਰੀਕਾ ਲੋਕਤੰਤਰ ਲਈ ਬਿਲਕੁਲ ਸਹੀ ਨਹੀਂ ਹੈ।" ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਪਣੇ ਸਿਆਸੀ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਲਈ ਈ.ਡੀ., ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਦੀ ਵਰਤੋਂ ਕਰਨਾ ਭਾਜਪਾ ਦੀ ਪੁਰਾਣੀ ਰਣਨੀਤੀ ਹੈ। ਅਜਿਹਾ ਹੀ ਕੰਮ ਦਿੱਲੀ ਵਿੱਚ ਵੀ ਕੀਤਾ ਗਿਆ ਸੀ, ਜਿੱਥੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੀ ਪੂਰੀ ਚੋਟੀ ਦੀ ਲੀਡਰਸ਼ਿਪ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਸੀ। 'ਆਪ ਦੇ ਸੀਨੀਅਰ ਆਗੂ ਸਤੇਂਦਰ ਜੈਨ ਵਿਰੁੱਧ ਕਾਰਵਾਈ ਵੀ ਇਸੇ ਰਣਨੀਤੀ ਦਾ ਹਿੱਸਾ ਹੈ ਕਿਉਂਕਿ ਭਾਜਪਾ ਅਜਿਹੇ ਡਰਾਮੇ ਕਰਨ ਦੀ ਆਦੀ ਹੈ।" ਵਿਰੋਧੀ ਧਿਰ ਦੇ ਲਗਾਤਾਰ ਹਮਲਿਆਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, "ਮੈਨੂੰ ਉਨ੍ਹਾਂ ਆਗੂਆਂ ਤੋਂ ਇਮਾਨਦਾਰੀ ਦਾ ਕੋਈ ਸਰਟੀਫਿਕੇਟ ਨਹੀਂ ਚਾਹੀਦਾ, ਜਿਨ੍ਹਾਂ ਦੇ ਹੱਥ ਪੰਜਾਬ ਅਤੇ ਇਸ ਦੇ ਲੋਕਾਂ ਦੀ ਲੁੱਟ ਨਾਲ ਰੰਗੇ ਹੋਏ ਹਨ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding
Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ

★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਭੇਡ ਦੀ ਉੱਨ ਤੋਂ ਹੱਡੀਆਂ ਦੇ ਮੁੜ ਵਿਕਾਸ ਤੱਕ ਵਿਗਿਆਨ ਦੀ ਇੱਕ ਨਵੀਂ ਪ੍ਰਾਪਤੀ




ਜੇਕਰ ਸਵੈਟਰਾਂ, ਕੰਬਲਾਂ ਅਤੇ ਕਾਰਪੇਟਾਂ ਨਾਲ ਆਮ ਤੌਰ ’ਤੇ ਜੋੜੀ ਜਾਣ ਵਾਲੀ ਕੋਈ ਸਮੱਗਰੀ ਇੱਕ ਦਿਨ ਮਨੁੱਖੀ ਸਰੀਰ ਨੂੰ ਨੁਕਸਾਨੀ ਹੱਡੀਆਂ ਦੀ ਮੁਰੰਮਤ ਕਰਨ ਵਿੱਚ ਮਦਦ ਕਰ ਸਕੇ ਤਾਂ? ਵਿਗਿਆਨੀ ਇਸ ਸੰਭਾਵਨਾ ਦੀ ਖੋਜ ਕਰ ਰਹੇ ਹਨ। ਉਹ ਭੇਡ ਦੀ ਉੱਨ ਨੂੰ ਇੱਕ ਅਜਿਹੀ ਜੈਵ-ਚਿਕਿਤਸਕ ਸਮੱਗਰੀ ਵਿੱਚ ਬਦਲ ਰਹੇ ਹਨ, ਜੋ ਹੱਡੀਆਂ ਦੇ ਮੁੜ ਨਿਰਮਾਣ ਵਿੱਚ ਸਹਾਇਤਾ ਕਰ ਸਕਦੀ ਹੈ। ਇਹ ਖੋਜ ਦਰਸਾਉਂਦੀ ਹੈ ਕਿ ਰੋਜ਼ਾਨਾ ਜੀਵਨ ਵਿੱਚ ਵਰਤੀ ਜਾਣ ਵਾਲੀ ਇੱਕ ਕੁਦਰਤੀ ਵਸਤੂ ਪੁਨਰ-ਨਿਰਮਾਣਾਤਮਕ ਚਿਕਿਤਸਾ ਲਈ ਇੱਕ ਸੰਭਾਵੀ ਸਾਧਨ ਬਣ ਸਕਦੀ ਹੈ।

ਕਿੰਗਜ਼ ਕਾਲਜ ਲੰਡਨ ਦੇ ਖੋਜਕਰਤਾਵਾਂ ਨੇ ਕੇਰਾਟਿਨ ’ਤੇ ਆਧਾਰਿਤ ਇੱਕ ਸਮੱਗਰੀ ਵਿਕਸਿਤ ਕੀਤੀ ਹੈ। ਕੇਰਾਟਿਨ ਉੱਨ ਵਿੱਚ ਪਾਇਆ ਜਾਣ ਵਾਲਾ ਇੱਕ ਮਜ਼ਬੂਤ ਕੁਦਰਤੀ ਪ੍ਰੋਟੀਨ ਹੈ। ਹਾਲੀਆ ਖੋਜ ਵਿੱਚ ਸਾਹਮਣੇ ਆਇਆ ਕਿ ਉੱਨ ਤੋਂ ਪ੍ਰਾਪਤ ਕੇਰਾਟਿਨ ਜੀਵਤ ਜਾਨਵਰਾਂ ਦੇ ਮਾਡਲਾਂ ਵਿੱਚ ਨਵੇਂ ਹੱਡੀ ਟਿਸ਼ੂ ਦੇ ਵਿਕਾਸ ਵਿੱਚ ਸਹਾਇਤਾ ਕਰ ਸਕਦਾ ਹੈ। ਖਾਸ ਗੱਲ ਇਹ ਹੈ ਕਿ ਬਣੇ ਨਵੇਂ ਟਿਸ਼ੂ ਦੀ ਬਣਤਰ ਸਿਹਤਮੰਦ ਕੁਦਰਤੀ ਹੱਡੀ ਦੇ ਹੋਰ ਨੇੜੇ ਪਾਈ ਗਈ, ਜਦੋਂ ਇਸ ਦੀ ਤੁਲਨਾ ਆਮ ਤੌਰ ’ਤੇ ਵਰਤੀ ਜਾਂਦੀ ਕੋਲਾਜਨ-ਆਧਾਰਿਤ ਸਮੱਗਰੀ ਨਾਲ ਕੀਤੀ ਗਈ।

## ਉੱਨ ਦੇ ਰੇਸ਼ੇ ਤੋਂ ਮੈਡੀਕਲ ਸਮੱਗਰੀ ਤੱਕ

ਭੇਡ ਦੀ ਉੱਨ ਵਿੱਚ ਕੇਰਾਟਿਨ ਭਰਪੂਰ ਮਾਤਰਾ ਵਿੱਚ ਹੁੰਦਾ ਹੈ। ਇਹ ਉਹੀ ਪਰਿਵਾਰ ਦੇ ਸੰਰਚਨਾਤਮਕ ਪ੍ਰੋਟੀਨਾਂ ਵਿੱਚੋਂ ਇੱਕ ਹੈ ਜੋ ਵਾਲਾਂ, ਚਮੜੀ ਅਤੇ ਨਖਾਂ ਵਿੱਚ ਵੀ ਪਾਏ ਜਾਂਦੇ ਹਨ। ਉੱਨ ਨੂੰ ਸਿਰਫ਼ ਕੱਪੜਾ ਬਣਾਉਣ ਵਾਲੇ ਰੇਸ਼ੇ ਵਜੋਂ ਵਰਤਣ ਦੀ ਬਜਾਏ ਵਿਗਿਆਨੀ ਇਸ ਵਿੱਚੋਂ ਕੇਰਾਟਿਨ ਕੱਢ ਕੇ ਇਸ ਨੂੰ ਵਿਸ਼ੇਸ਼ ਜੈਵ-ਚਿਕਿਤਸਕ ਢਾਂਚਿਆਂ ਵਿੱਚ ਤਬਦੀਲ ਕਰ ਸਕਦੇ ਹਨ।

ਖੋਜਕਰਤਾਵਾਂ ਨੇ ਕੇਰਾਟਿਨ-ਆਧਾਰਿਤ ਸਕੈਫੋਲਡ ਵਿਕਸਿਤ ਕੀਤੇ ਹਨ, ਜਿਨ੍ਹਾਂ ਨੂੰ ਹੱਡੀ ਦੇ ਨੁਕਸਾਨ ਵਾਲੇ ਸਥਾਨ ’ਤੇ ਵਰਤਿਆ ਜਾ ਸਕਦਾ ਹੈ। ਸਕੈਫੋਲਡ ਸਿਰਫ਼ ਗੁੰਮ ਹੋਈ ਹੱਡੀ ਦੀ ਥਾਂ ਨਹੀਂ ਲੈਂਦਾ। ਇਸ ਦਾ ਉਦੇਸ਼ ਇੱਕ ਅਸਥਾਈ ਢਾਂਚਾ ਪ੍ਰਦਾਨ ਕਰਨਾ ਹੈ, ਜਿਸ ’ਤੇ ਕੋਸ਼ਿਕਾਵਾਂ ਜੁੜ ਸਕਣ ਅਤੇ ਸਰੀਰ ਦੀ ਕੁਦਰਤੀ ਮੁਰੰਮਤ ਪ੍ਰਕਿਰਿਆ ਨੂੰ ਦਿਸ਼ਾ ਮਿਲ ਸਕੇ।

ਜਾਨਵਰਾਂ ’ਤੇ ਕੀਤੇ ਪ੍ਰਯੋਗਾਂ ਵਿੱਚ ਉੱਨ ਤੋਂ ਪ੍ਰਾਪਤ ਸਮੱਗਰੀ ਨੇ ਨੁਕਸਾਨੀ ਥਾਵਾਂ ’ਤੇ ਨਵੀਂ ਹੱਡੀ ਦੇ ਵਿਕਾਸ ਨੂੰ ਦਿਸ਼ਾ ਦੇਣ ਵਿੱਚ ਮਦਦ ਕੀਤੀ। ਇਹ ਨਤੀਜੇ ਸੰਕੇਤ ਦਿੰਦੇ ਹਨ ਕਿ ਕੇਰਾਟਿਨ ਹੱਡੀ ਬਣਾਉਣ ਵਾਲੀਆਂ ਕੋਸ਼ਿਕਾਵਾਂ ਲਈ ਇੱਕ ਲਾਭਦਾਇਕ ਜੈਵਿਕ ਵਾਤਾਵਰਣ ਪ੍ਰਦਾਨ ਕਰ ਸਕਦਾ ਹੈ ਅਤੇ ਭਵਿੱਖ ਵਿੱਚ ਹੱਡੀਆਂ ਦੇ ਵੱਡੇ ਨੁਕਸਾਂ ਦੀ ਮੁਰੰਮਤ ਲਈ ਨਵੇਂ ਤਰੀਕਿਆਂ ਦਾ ਆਧਾਰ ਬਣ ਸਕਦਾ ਹੈ।

## ਹੱਡੀਆਂ ਦਾ ਮੁੜ ਨਿਰਮਾਣ ਕਿਉਂ ਮਹੱਤਵਪੂਰਨ ਹੈ?

ਹੱਡੀਆਂ ਵਿੱਚ ਆਪਣੇ ਆਪ ਨੂੰ ਠੀਕ ਕਰਨ ਦੀ ਅਦਭੁੱਤ ਸਮਰੱਥਾ ਹੁੰਦੀ ਹੈ। ਛੋਟੀਆਂ ਹੱਡੀ ਦੀਆਂ ਚੋਟਾਂ ਜਾਂ ਫ੍ਰੈਕਚਰ ਆਮ ਤੌਰ ’ਤੇ ਕੁਦਰਤੀ ਤੌਰ ’ਤੇ ਠੀਕ ਹੋ ਸਕਦੇ ਹਨ, ਕਿਉਂਕਿ ਹੱਡੀ ਦਾ ਟਿਸ਼ੂ ਲਗਾਤਾਰ ਨਵਿਆਉਂਦਾ ਅਤੇ ਮੁੜ ਬਣਦਾ ਰਹਿੰਦਾ ਹੈ। ਪਰ ਗੰਭੀਰ ਸੱਟਾਂ, ਬਿਮਾਰੀਆਂ, ਸਰਜਰੀ ਜਾਂ ਹੋਰ ਕਾਰਨਾਂ ਕਰਕੇ ਪੈਦਾ ਹੋਏ ਵੱਡੇ ਨੁਕਸਾਂ ਦੀ ਮੁਰੰਮਤ ਕਰਨਾ ਕਾਫ਼ੀ ਮੁਸ਼ਕਲ ਹੋ ਸਕਦਾ ਹੈ।

ਅਜਿਹੇ ਮਾਮਲਿਆਂ ਵਿੱਚ ਡਾਕਟਰ ਵੱਡੇ ਹੱਡੀ ਨੁਕਸਾਂ ਨੂੰ ਭਰਨ ਜਾਂ ਜੋੜਨ ਲਈ ਬੋਨ ਗ੍ਰਾਫਟ, ਸਿੰਥੈਟਿਕ ਸਮੱਗਰੀਆਂ ਜਾਂ ਜੈਵਿਕ ਸਮੱਗਰੀਆਂ ਦੀ ਵਰਤੋਂ ਕਰ ਸਕਦੇ ਹਨ। ਹਰ ਤਰੀਕੇ ਦੇ ਆਪਣੇ ਫਾਇਦੇ ਅਤੇ ਸੀਮਾਵਾਂ ਹਨ। ਇਸ ਲਈ ਵਿਗਿਆਨੀ ਅਜਿਹੀਆਂ ਸਮੱਗਰੀਆਂ ਦੀ ਖੋਜ ਕਰ ਰਹੇ ਹਨ ਜੋ ਸਰੀਰ ਲਈ ਅਨੁਕੂਲ, ਢਾਂਚਾਗਤ ਤੌਰ ’ਤੇ ਉਚਿਤ, ਕਿਫਾਇਤੀ ਅਤੇ ਕੁਦਰਤੀ ਟਿਸ਼ੂ ਦੇ ਮੁੜ ਨਿਰਮਾਣ ਵਿੱਚ ਸਹਾਇਕ ਹੋਣ।

ਕੇਰਾਟਿਨ ਇੱਕ ਕੁਦਰਤੀ ਪ੍ਰੋਟੀਨ ਹੋਣ ਕਾਰਨ ਦਿਲਚਸਪ ਸਮੱਗਰੀ ਹੈ। ਇਸ ਵਿੱਚ ਅਜਿਹੇ ਗੁਣ ਹਨ ਜੋ ਕੋਸ਼ਿਕਾਵਾਂ ਨੂੰ ਇਸ ਨਾਲ ਜੁੜਨ ਅਤੇ ਵਿਕਸਿਤ ਹੋਣ ਵਿੱਚ ਸਹਾਇਤਾ ਕਰ ਸਕਦੇ ਹਨ। ਪਿਛਲੇ ਕਈ ਸਾਲਾਂ ਵਿੱਚ ਕੇਰਾਟਿਨ-ਆਧਾਰਿਤ ਸਕੈਫੋਲਡ, ਹਾਈਡ੍ਰੋਜੈਲ ਅਤੇ ਕੰਪੋਜ਼ਿਟ ਸਮੱਗਰੀਆਂ ਨੂੰ ਹੱਡੀਆਂ ਅਤੇ ਹੋਰ ਟਿਸ਼ੂਆਂ ਦੇ ਪੁਨਰ-ਨਿਰਮਾਣ ਲਈ ਵੀ ਅਧਿਐਨ ਕੀਤਾ ਗਿਆ ਹੈ।

## ਸਕੈਫੋਲਡ ਦੀ ਮਹੱਤਤਾ

ਇਸ ਖੋਜ ਦਾ ਇੱਕ ਮਹੱਤਵਪੂਰਨ ਪੱਖ ਇਹ ਹੈ ਕਿ ਵਿਗਿਆਨੀ ਇਹ ਨਹੀਂ ਕਹਿ ਰਹੇ ਕਿ ਉੱਨ ਸਿੱਧੀ ਤਰ੍ਹਾਂ “ਹੱਡੀ ਵਿੱਚ ਬਦਲ ਜਾਂਦੀ ਹੈ।” ਇਸ ਦੀ ਬਜਾਏ, ਉੱਨ ਵਿੱਚੋਂ ਕੱਢੇ ਗਏ ਕੇਰਾਟਿਨ ਨੂੰ ਵਿਸ਼ੇਸ਼ ਢੰਗ ਨਾਲ ਪ੍ਰੋਸੈਸ ਕਰਕੇ ਇੱਕ ਜੈਵ-ਚਿਕਿਤਸਕ ਸਮੱਗਰੀ ਤਿਆਰ ਕੀਤੀ ਜਾਂਦੀ ਹੈ।

ਸਕੈਫੋਲਡ ਇੱਕ ਅਸਥਾਈ ਢਾਂਚੇ ਵਜੋਂ ਕੰਮ ਕਰਦਾ ਹੈ। ਕੋਸ਼ਿਕਾਵਾਂ ਇਸ ਨਾਲ ਸੰਪਰਕ ਕਰ ਸਕਦੀਆਂ ਹਨ, ਇਸ ਨਾਲ ਜੁੜ ਸਕਦੀਆਂ ਹਨ ਅਤੇ ਹੌਲੀ-ਹੌਲੀ ਨਵਾਂ ਟਿਸ਼ੂ ਬਣਾਉਣ ਵਿੱਚ ਯੋਗਦਾਨ ਪਾ ਸਕਦੀਆਂ ਹਨ। ਜਿਵੇਂ-ਜਿਵੇਂ ਮੁਰੰਮਤ ਦੀ ਪ੍ਰਕਿਰਿਆ ਅੱਗੇ ਵਧਦੀ ਹੈ, ਸਕੈਫੋਲਡ ਸਰੀਰ ਦੀ ਜੈਵਿਕ ਮੁਰੰਮਤ ਪ੍ਰਕਿਰਿਆ ਦਾ ਹਿੱਸਾ ਬਣ ਸਕਦਾ ਹੈ ਅਤੇ ਇਸ ਦੀ ਬਣਤਰ ਦੇ ਅਨੁਸਾਰ ਆਖ਼ਰਕਾਰ ਹੌਲੀ-ਹੌਲੀ ਖਤਮ ਵੀ ਹੋ ਸਕਦਾ ਹੈ।

ਪਿਛਲੀਆਂ ਖੋਜਾਂ ਵਿੱਚ ਕੇਰਾਟਿਨ-ਹਾਈਡ੍ਰੋਕਸੀਐਪੇਟਾਈਟ ਸਮੱਗਰੀਆਂ ਨੂੰ ਸੰਭਾਵੀ ਬੋਨ-ਗ੍ਰਾਫਟ ਵਿਕਲਪ ਵਜੋਂ ਵੀ ਅਧਿਐਨ ਕੀਤਾ ਗਿਆ ਹੈ। ਅਧਿਐਨਾਂ ਨੇ ਦਰਸਾਇਆ ਹੈ ਕਿ ਅਜਿਹੀਆਂ ਸਮੱਗਰੀਆਂ ਸਰੀਰ ਲਈ ਅਨੁਕੂਲ ਹੋ ਸਕਦੀਆਂ ਹਨ ਅਤੇ ਹੱਡੀ ਦੇ ਕੁਦਰਤੀ ਮੁੜ ਨਿਰਮਾਣ ਵਿੱਚ ਹਿੱਸਾ ਲੈ ਸਕਦੀਆਂ ਹਨ। ਹਾਲਾਂਕਿ, ਉਨ੍ਹਾਂ ਦੀ ਕਾਰਗੁਜ਼ਾਰੀ ਸਮੱਗਰੀ ਦੀ ਬਣਤਰ ਅਤੇ ਸੰਰਚਨਾ ’ਤੇ ਕਾਫ਼ੀ ਨਿਰਭਰ ਕਰਦੀ ਹੈ।

## ਟਿਕਾਊ ਚਿਕਿਤਸਾ ਸਰੋਤ

ਇਸ ਖੋਜ ਦਾ ਇੱਕ ਹੋਰ ਮਹੱਤਵਪੂਰਨ ਪੱਖ ਟਿਕਾਊਪਣ ਹੈ।

ਉੱਨ ਇੱਕ ਨਵਿਆਉਣਯੋਗ ਜੈਵਿਕ ਸਰੋਤ ਹੈ। ਖੇਤੀਬਾੜੀ ਨਾਲ ਜੁੜੀ ਕੁਝ ਉੱਨ ਦੀ ਵਪਾਰਕ ਕੀਮਤ ਘੱਟ ਹੁੰਦੀ ਹੈ ਜਾਂ ਕਈ ਵਾਰ ਇਸ ਨੂੰ ਬੇਕਾਰ ਸਮੱਗਰੀ ਵਜੋਂ ਵੀ ਦੇਖਿਆ ਜਾਂਦਾ ਹੈ। ਅਜਿਹੀ ਸਮੱਗਰੀ ਨੂੰ ਉੱਚ-ਮੁੱਲ ਵਾਲੇ ਜੈਵ-ਚਿਕਿਤਸਕ ਉਤਪਾਦਾਂ ਵਿੱਚ ਬਦਲਣਾ ਖੇਤੀਬਾੜੀ ਨਾਲ ਜੁੜੇ ਸਰੋਤ ਦੀ ਇੱਕ ਵਾਧੂ ਵਰਤੋਂ ਪੈਦਾ ਕਰ ਸਕਦਾ ਹੈ।

ਕਿੰਗਜ਼ ਕਾਲਜ ਲੰਡਨ ਦੇ ਖੋਜਕਰਤਾਵਾਂ ਨੇ ਇਸ ਟਿਕਾਊ ਪੱਖ ਨੂੰ ਵੀ ਉਜਾਗਰ ਕੀਤਾ ਹੈ। ਉੱਨ ਕੁਦਰਤੀ ਅਤੇ ਸੰਭਾਵੀ ਤੌਰ ’ਤੇ ਵੱਡੇ ਪੱਧਰ ’ਤੇ ਉਪਲਬਧ ਕੇਰਾਟਿਨ ਦਾ ਸਰੋਤ ਬਣ ਸਕਦੀ ਹੈ।

ਇਹ ਪਹੁੰਚ ਆਧੁਨਿਕ ਵਿਗਿਆਨ ਦੇ ਇੱਕ ਵੱਡੇ ਰੁਝਾਨ ਨੂੰ ਦਰਸਾਉਂਦੀ ਹੈ ਜੈਵਿਕ ਸਮੱਗਰੀਆਂ ਨੂੰ ਸਿਰਫ਼ ਕੂੜਾ ਸਮਝਣ ਦੀ ਬਜਾਏ ਉਨ੍ਹਾਂ ਵਿੱਚ ਮੌਜੂਦ ਲਾਭਦਾਇਕ ਅਣੂਆਂ ਅਤੇ ਸੰਰਚਨਾਵਾਂ ਨੂੰ ਨਵੇਂ ਢੰਗ ਨਾਲ ਵਰਤਣਾ। ਖੇਤੀਬਾੜੀ ਦੇ ਉਪ-ਉਤਪਾਦ, ਐਲਗੀ, ਪੌਦਿਆਂ ਦੇ ਰੇਸ਼ੇ ਅਤੇ ਜਾਨਵਰਾਂ ਤੋਂ ਪ੍ਰਾਪਤ ਪ੍ਰੋਟੀਨ ਚਿਕਿਤਸਾ, ਇੰਜੀਨੀਅਰਿੰਗ ਅਤੇ ਵਾਤਾਵਰਣ ਤਕਨਾਲੋਜੀ ਵਿੱਚ ਵੱਧ ਤੋਂ ਵੱਧ ਖੋਜੇ ਜਾ ਰਹੇ ਹਨ।

## ਪ੍ਰਯੋਗਸ਼ਾਲਾ ਦੀ ਖੋਜ ਤੋਂ ਮਨੁੱਖੀ ਇਲਾਜ ਤੱਕ

ਇਸ ਖੋਜ ਨੂੰ ਲੈ ਕੇ ਉਤਸ਼ਾਹ ਜ਼ਰੂਰ ਹੈ, ਪਰ ਇੱਕ ਮਹੱਤਵਪੂਰਨ ਫ਼ਰਕ ਨੂੰ ਸਮਝਣਾ ਜ਼ਰੂਰੀ ਹੈ ਸੰਭਾਵਨਾਵਾਂ ਵਾਲੀ ਪ੍ਰਯੋਗਾਤਮਕ ਸਮੱਗਰੀ ਅਤੇ ਸਥਾਪਿਤ ਮੈਡੀਕਲ ਇਲਾਜ ਇੱਕੋ ਗੱਲ ਨਹੀਂ ਹਨ।

ਹਾਲੀਆ ਨਤੀਜੇ ਜਾਨਵਰਾਂ ’ਤੇ ਕੀਤੇ ਪ੍ਰਯੋਗਾਂ ਨਾਲ ਸਬੰਧਤ ਹਨ, ਨਾ ਕਿ ਮਨੁੱਖਾਂ ਵਿੱਚ ਰੁਟੀਨ ਇਲਾਜ ਨਾਲ। ਉੱਨ ਤੋਂ ਬਣੀ ਹੱਡੀ-ਪੁਨਰ-ਨਿਰਮਾਣ ਸਮੱਗਰੀ ਨੂੰ ਵਿਆਪਕ ਤੌਰ ’ਤੇ ਵਰਤਣ ਤੋਂ ਪਹਿਲਾਂ ਇਸ ਦੀ ਸੁਰੱਖਿਆ, ਪ੍ਰਭਾਵਸ਼ੀਲਤਾ, ਟਿਕਾਊਪਣ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਦੀ ਹੋਰ ਪ੍ਰੀ-ਕਲੀਨਿਕਲ ਖੋਜ ਅਤੇ ਢੁਕਵੇਂ ਮਨੁੱਖੀ ਕਲੀਨਿਕਲ ਟ੍ਰਾਇਲਾਂ ਰਾਹੀਂ ਜਾਂਚ ਕਰਨੀ ਪਵੇਗੀ।

ਇਸ ਤੋਂ ਇਲਾਵਾ, ਇਸ ਦੀ ਤਿਆਰੀ, ਸਟੀਰਲਾਈਜ਼ੇਸ਼ਨ, ਗੁਣਵੱਤਾ ਦੀ ਇਕਸਾਰਤਾ, ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਤੀਕਿਰਿਆ ਅਤੇ ਵੱਖ-ਵੱਖ ਕਿਸਮਾਂ ਦੇ ਹੱਡੀ ਨੁਕਸਾਂ ਵਿੱਚ ਇਸ ਦੀ ਕਾਰਗੁਜ਼ਾਰੀ ਵਰਗੇ ਸਵਾਲਾਂ ਦੀ ਵੀ ਵਿਸਥਾਰ ਨਾਲ ਜਾਂਚ ਕਰਨੀ ਹੋਵੇਗੀ।

ਇਸ ਲਈ ਇਸ ਖੋਜ ਨੂੰ ਇੱਕ ਉਤਸ਼ਾਹਜਨਕ ਵਿਗਿਆਨਕ ਕਦਮ ਵਜੋਂ ਦੇਖਣਾ ਚਾਹੀਦਾ ਹੈ, ਨਾ ਕਿ ਤਿਆਰ ਇਲਾਜ ਵਜੋਂ।

## ਪੁਨਰ-ਨਿਰਮਾਣਾਤਮਕ ਚਿਕਿਤਸਾ ਲਈ ਨਵੀਂ ਦਿਸ਼ਾ

ਇਸ ਖੋਜ ਦੀ ਮਹੱਤਤਾ ਸਿਰਫ਼ ਭੇਡ ਦੀ ਉੱਨ ਤੱਕ ਸੀਮਿਤ ਨਹੀਂ ਹੈ। ਇਹ ਬਾਇਓਮਿਮੈਟਿਕ ਸਮੱਗਰੀਆਂ ਦੀ ਸੰਭਾਵਨਾ ਨੂੰ ਦਰਸਾਉਂਦੀ ਹੈ ਅਜਿਹੀਆਂ ਸਮੱਗਰੀਆਂ ਜੋ ਸਿਰਫ਼ ਨੁਕਸਾਨੀ ਟਿਸ਼ੂ ਦੀ ਥਾਂ ਨਹੀਂ ਲੈਂਦੀਆਂ, ਸਗੋਂ ਸਰੀਰ ਦੀਆਂ ਆਪਣੀਆਂ ਜੈਵਿਕ ਪ੍ਰਕਿਰਿਆਵਾਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਕੀਤੀਆਂ ਜਾਂਦੀਆਂ ਹਨ।

ਪੁਨਰ-ਨਿਰਮਾਣਾਤਮਕ ਚਿਕਿਤਸਾ ਦਾ ਅੰਤਿਮ ਉਦੇਸ਼ ਸਿਰਫ਼ ਹੱਡੀ ਦੇ ਖਾਲੀ ਸਥਾਨ ਨੂੰ ਭਰਨਾ ਨਹੀਂ, ਸਗੋਂ ਸਰੀਰ ਨੂੰ ਕਾਰਗਰ ਅਤੇ ਕੁਦਰਤੀ ਟਿਸ਼ੂ ਮੁੜ ਬਣਾਉਣ ਲਈ ਉਤਸ਼ਾਹਿਤ ਕਰਨਾ ਹੈ। ਜੇਕਰ ਭਵਿੱਖ ਦੀਆਂ ਖੋਜਾਂ ਮਨੁੱਖਾਂ ਵਿੱਚ ਕੇਰਾਟਿਨ-ਆਧਾਰਿਤ ਸਮੱਗਰੀਆਂ ਦੀ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਦੀ ਪੁਸ਼ਟੀ ਕਰਦੀਆਂ ਹਨ, ਤਾਂ ਇਹ ਸਮੱਗਰੀ ਇਸ ਰਣਨੀਤੀ ਦਾ ਮਹੱਤਵਪੂਰਨ ਹਿੱਸਾ ਬਣ ਸਕਦੀ ਹੈ।

ਇਸ ਤਰ੍ਹਾਂ ਖੇਤਾਂ ਤੋਂ ਮਿਲਣ ਵਾਲੀ ਇੱਕ ਸਧਾਰਨ ਸਮੱਗਰੀ ਆਧੁਨਿਕ ਚਿਕਿਤਸਾ ਵਿੱਚ ਇੱਕ ਅਣਉਮੀਦ ਦਰਵਾਜ਼ਾ ਖੋਲ੍ਹ ਸਕਦੀ ਹੈ। ਉੱਨ ਦੇ ਰੇਸ਼ੇ ਤੋਂ ਸ਼ੁੱਧ ਕੇਰਾਟਿਨ ਤੱਕ, ਕੇਰਾਟਿਨ ਤੋਂ ਜੈਵਿਕ ਸਕੈਫੋਲਡ ਤੱਕ ਅਤੇ ਸਕੈਫੋਲਡ ਤੋਂ ਨਵੀਂ ਹੱਡੀ ਦੇ ਵਿਕਾਸ ਤੱਕ ਦਾ ਇਹ ਸਫ਼ਰ ਦਰਸਾਉਂਦਾ ਹੈ ਕਿ ਵਿਗਿਆਨ ਆਮ ਸਰੋਤਾਂ ਨੂੰ ਅਸਾਧਾਰਣ ਸੰਭਾਵਨਾਵਾਂ ਵਿੱਚ ਬਦਲ ਸਕਦਾ ਹੈ।

ਇਹ ਕਹਾਣੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਵਿਗਿਆਨਕ ਖੋਜਾਂ ਹਮੇਸ਼ਾ ਕਿਸੇ ਬਹੁਤ ਹੀ ਅਜੀਬ ਜਾਂ ਮਹਿੰਗੀ ਸਮੱਗਰੀ ਤੋਂ ਹੀ ਸ਼ੁਰੂ ਨਹੀਂ ਹੁੰਦੀਆਂ। ਕਈ ਵਾਰ ਨਵੀਨਤਾ ਕਿਸੇ ਜਾਣੀ-ਪਛਾਣੀ ਚੀਜ਼ ਨੂੰ ਬਿਲਕੁਲ ਨਵੇਂ ਨਜ਼ਰੀਏ ਨਾਲ ਦੇਖਣ ਤੋਂ ਸ਼ੁਰੂ ਹੁੰਦੀ ਹੈ। ਭੇਡ ਦੀ ਉੱਨ ਪੀੜ੍ਹੀਆਂ ਤੋਂ ਲੋਕਾਂ ਨੂੰ ਗਰਮ ਰੱਖਣ ਲਈ ਵਰਤੀ ਜਾਂਦੀ ਰਹੀ ਹੈ; ਭਵਿੱਖ ਵਿੱਚ ਇਸ ਵਿੱਚ ਮੌਜੂਦ ਪ੍ਰੋਟੀਨ ਨੁਕਸਾਨੀ ਹੱਡੀਆਂ ਦੀ ਮੁਰੰਮਤ ਲਈ ਨਵੇਂ ਤਰੀਕੇ ਵਿਕਸਿਤ ਕਰਨ ਵਿੱਚ ਵੀ ਵਿਗਿਆਨੀਆਂ ਦੀ ਮਦਦ ਕਰ ਸਕਦੇ ਹਨ।

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE $

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਤਿਹਾੜ ਜੇਲ੍ਹ ਵਿੱਚ ਸਜ਼ਾ ਕੱਟਦਿਆਂ ਮੌਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

1984 ਦੇ ਸਿੱਖ ਕਤਲੇਆਮ ਨਾਲ ਜੁੜੇ ਦੋ ਵੱਖ-ਵੱਖ ਮਾਮਲਿਆਂ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਦੀ ਵੀਰਵਾਰ ਨੂੰ 80 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਹ ਸਾਲ 2018 ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਸੀ। ਜੇਲ੍ਹ ਅੰਦਰ ਸਿਹਤ ਵਿਗੜਨ ਤੋਂ ਬਾਅਦ ਉਸ ਨੂੰ ਸਫਦਰਜੰਗ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਸਪਤਾਲ ਵੱਲੋਂ ਉਸ ਦੀ ਮੌਤ ਦਾ ਪੱਕਾ ਕਾਰਨ ਤੁਰੰਤ ਜਨਤਕ ਨਹੀਂ ਕੀਤਾ ਗਿਆ। ਹਾਲਾਂਕਿ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਉਹ ਪਾਰਕਿਨਸਨ ਰੋਗ, ਉੱਚ ਖ਼ੂਨ ਦਬਾਅ, ਰੀੜ੍ਹ ਦੀ ਹੱਡੀ ਨਾਲ ਸਬੰਧਤ ਸਮੱਸਿਆਵਾਂ ਅਤੇ ਲਗਾਤਾਰ ਭਾਰ ਘਟਣ ਸਮੇਤ ਕਈ ਬਿਮਾਰੀਆਂ ਤੋਂ ਪੀੜਤ ਸੀ।

ਸੱਜਣ ਕੁਮਾਰ ਕਿਸੇ ਸਮੇਂ ਦਿੱਲੀ ਵਿੱਚ ਕਾਂਗਰਸ ਦੇ ਸਭ ਤੋਂ ਪ੍ਰਭਾਵਸ਼ਾਲੀ ਆਗੂਆਂ ਵਿੱਚ ਗਿਣਿਆ ਜਾਂਦਾ ਸੀ। ਉਸ ਨੇ 1977 ਵਿੱਚ ਦਿੱਲੀ ਨਗਰ ਨਿਗਮ ਦੇ ਕੌਂਸਲਰ ਵਜੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਉਹ 1980, 1991 ਅਤੇ 2004 ਵਿੱਚ ਬਾਹਰੀ ਦਿੱਲੀ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਚੁਣਿਆ ਗਿਆ। ਦਿੱਲੀ ਦੀ ਸਿਆਸਤ ਵਿੱਚ ਵੱਡਾ ਪ੍ਰਭਾਵ ਰੱਖਣ ਵਾਲੇ ਸੱਜਣ ਕੁਮਾਰ ਦਾ ਨਾਂ 1984 ਵਿੱਚ ਸਿੱਖਾਂ ਵਿਰੁੱਧ ਹੋਏ ਯੋਜਨਾਬੱਧ ਹਮਲਿਆਂ ਨਾਲ ਲਗਾਤਾਰ ਜੁੜਦਾ ਰਿਹਾ। ਦਸੰਬਰ 2018 ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਸ ਨੇ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਨੂੰ ਅੱਗ ਲਾਈ ਗਈ ਅਤੇ ਹਜ਼ਾਰਾਂ ਲੋਕਾਂ ਦੀ ਹੱਤਿਆ ਕੀਤੀ ਗਈ। ਦਿੱਲੀ ਹਾਈ ਕੋਰਟ ਦੇ 2018 ਦੇ ਫ਼ੈਸਲੇ ਵਿੱਚ ਦਰਜ ਸਰਕਾਰੀ ਅੰਕੜਿਆਂ ਅਨੁਸਾਰ ਇਕੱਲੀ ਦਿੱਲੀ ਵਿੱਚ 2,733 ਅਤੇ ਪੂਰੇ ਦੇਸ਼ ਵਿੱਚ ਲਗਭਗ 3,350 ਸਿੱਖ ਮਾਰੇ ਗਏ ਸਨ। ਅਦਾਲਤ ਨੇ ਕਿਹਾ ਸੀ ਕਿ ਇਹ ਹਮਲੇ ਸਿਰਫ਼ ਅਚਾਨਕ ਭੜਕੀ ਹਿੰਸਾ ਨਹੀਂ ਸਨ, ਸਗੋਂ ਸਿਆਸੀ ਲੋਕਾਂ ਦੀ ਸ਼ਹਿ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਮਿਲੀਭੁਗਤ ਜਾਂ ਨਾਕਾਮੀ ਨਾਲ ਕੀਤੇ ਗਏ ਵਿਆਪਕ ਅਤੇ ਯੋਜਨਾਬੱਧ ਅਪਰਾਧ ਸਨ। ਅਦਾਲਤ ਨੇ ਇਸ ਕਤਲੇਆਮ ਨੂੰ ਮਨੁੱਖਤਾ ਵਿਰੁੱਧ ਅਪਰਾਧ ਦੱਸਿਆ ਸੀ।



ਸੱਜਣ ਕੁਮਾਰ ਨੂੰ ਪਹਿਲੀ ਵਾਰ 17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਦੋਸ਼ੀ ਕਰਾਰ ਦਿੰਦਿਆਂ ਬਾਕੀ ਕੁਦਰਤੀ ਜੀਵਨ ਤੱਕ ਕੈਦ ਦੀ ਸਜ਼ਾ ਸੁਣਾਈ ਸੀ। ਇਹ ਮਾਮਲਾ ਪਹਿਲੀ ਅਤੇ ਦੂਜੀ ਨਵੰਬਰ 1984 ਨੂੰ ਪਾਲਮ ਕਾਲੋਨੀ ਦੇ ਰਾਜ ਨਗਰ ਇਲਾਕੇ ਵਿੱਚ ਇੱਕੋ ਪਰਿਵਾਰ ਨਾਲ ਸਬੰਧਤ ਪੰਜ ਸਿੱਖ ਵਿਅਕਤੀਆਂ ਦੀ ਹੱਤਿਆ, ਉਨ੍ਹਾਂ ਦੇ ਘਰਾਂ ਦੀ ਲੁੱਟਮਾਰ ਅਤੇ ਇੱਕ ਗੁਰਦੁਆਰਾ ਸਾਹਿਬ ਨੂੰ ਅੱਗ ਲਾਉਣ ਨਾਲ ਜੁੜਿਆ ਸੀ। ਇਸ ਮਾਮਲੇ ਵਿੱਚ ਹੇਠਲੀ ਅਦਾਲਤ ਨੇ 2013 ਵਿੱਚ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ, ਪਰ ਕੇਂਦਰੀ ਜਾਂਚ ਬਿਊਰੋ ਅਤੇ ਪੀੜਤ ਪਰਿਵਾਰਾਂ ਵੱਲੋਂ ਕੀਤੀ ਗਈ ਅਪੀਲ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਉਹ ਫ਼ੈਸਲਾ ਪਲਟ ਦਿੱਤਾ।

ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਅਪਰਾਧਕ ਸਾਜ਼ਿਸ਼, ਕਤਲਾਂ ਲਈ ਭੀੜ ਨੂੰ ਉਕਸਾਉਣ, ਧਾਰਮਿਕ ਫਿਰਕਿਆਂ ਵਿਚਕਾਰ ਦੁਸ਼ਮਣੀ ਪੈਦਾ ਕਰਨ ਅਤੇ ਧਾਰਮਿਕ ਅਸਥਾਨ ਨੂੰ ਨੁਕਸਾਨ ਪਹੁੰਚਾਉਣ ਸਮੇਤ ਕਈ ਦੋਸ਼ਾਂ ਵਿੱਚ ਦੋਸ਼ੀ ਪਾਇਆ ਸੀ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਇਹ ਵੀ ਦਰਜ ਕੀਤਾ ਸੀ ਕਿ ਸਿਆਸੀ ਪ੍ਰਭਾਵ ਅਤੇ ਪੁਲਿਸ ਦੀ ਭੂਮਿਕਾ ਕਾਰਨ ਪੀੜਤਾਂ ਨੂੰ ਇਨਸਾਫ਼ ਪ੍ਰਾਪਤ ਕਰਨ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਲੱਗਾ। ਸੱਜਣ ਕੁਮਾਰ ਨੇ ਇਸ ਦੋਸ਼ਸਿੱਧੀ ਅਤੇ ਸਜ਼ਾ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਪਰ ਉਸ ਦੀ ਮੌਤ ਤੱਕ ਅਪੀਲ ਦਾ ਅੰਤਿਮ ਫ਼ੈਸਲਾ ਨਹੀਂ ਆਇਆ ਸੀ।

ਸੱਜਣ ਕੁਮਾਰ ਨੂੰ ਦੂਜੀ ਉਮਰ ਕੈਦ ਦੀ ਸਜ਼ਾ 25 ਫਰਵਰੀ 2025 ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੁਣਾਈ ਸੀ। ਇਹ ਮਾਮਲਾ ਪਹਿਲੀ ਨਵੰਬਰ 1984 ਨੂੰ ਸਰਸਵਤੀ ਵਿਹਾਰ ਵਿੱਚ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਸੀ। ਅਦਾਲਤ ਨੇ 12 ਫਰਵਰੀ 2025 ਨੂੰ ਸੱਜਣ ਕੁਮਾਰ ਨੂੰ ਕਤਲ, ਦੰਗਾ ਕਰਨ, ਮਾਰੂ ਹਥਿਆਰਾਂ ਨਾਲ ਗੈਰਕਾਨੂੰਨੀ ਇਕੱਠ ਦਾ ਹਿੱਸਾ ਬਣਨ, ਲੁੱਟਮਾਰ, ਕਤਲ ਦੀ ਕੋਸ਼ਿਸ਼ ਅਤੇ ਘਰ ਨੂੰ ਅੱਗ ਲਾਉਣ ਸਮੇਤ ਕਈ ਅਪਰਾਧਾਂ ਵਿੱਚ ਦੋਸ਼ੀ ਕਰਾਰ ਦਿੱਤਾ ਸੀ।

ਇਸਤਗਾਸਾ ਪੱਖ ਅਨੁਸਾਰ ਸੱਜਣ ਕੁਮਾਰ ਦੀ ਅਗਵਾਈ ਵਾਲੀ ਭੀੜ ਨੇ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿਊਂਦਿਆਂ ਸਾੜ ਦਿੱਤਾ ਸੀ। ਇਸ ਤੋਂ ਬਾਅਦ ਪਰਿਵਾਰ ਦੇ ਘਰ ਵਿੱਚ ਲੁੱਟਮਾਰ ਕਰਕੇ ਉਸ ਨੂੰ ਅੱਗ ਲਾ ਦਿੱਤੀ ਗਈ ਅਤੇ ਪਰਿਵਾਰ ਦੀਆਂ ਔਰਤਾਂ ਨੂੰ ਵੀ ਜ਼ਖ਼ਮੀ ਕੀਤਾ ਗਿਆ। ਇਸ ਕੇਸ ਵਿੱਚ ਸਰਕਾਰੀ ਵਕੀਲਾਂ ਅਤੇ ਪੀੜਤ ਪਰਿਵਾਰ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਅਦਾਲਤ ਨੇ ਅਪਰਾਧਾਂ ਨੂੰ ਬਹੁਤ ਹੀ ਬੇਰਹਿਮ ਅਤੇ ਨਿੰਦਣਯੋਗ ਦੱਸਿਆ, ਪਰ ਸੱਜਣ ਕੁਮਾਰ ਦੀ ਉਮਰ, ਬਿਮਾਰੀਆਂ ਅਤੇ ਜੇਲ੍ਹ ਅੰਦਰ ਉਸ ਦੇ ਵਰਤਾਰੇ ਨੂੰ ਧਿਆਨ ਵਿੱਚ ਰੱਖਦਿਆਂ ਮੌਤ ਦੀ ਸਜ਼ਾ ਦੀ ਥਾਂ ਸਖ਼ਤ ਉਮਰ ਕੈਦ ਸੁਣਾਈ ਸੀ। ਉਸ ਉੱਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਅਤੇ ਪੀੜਤ ਪਰਿਵਾਰ ਲਈ ਮੁਆਵਜ਼ੇ ਦੀ ਸਿਫ਼ਾਰਸ਼ ਕੀਤੀ ਗਈ ਸੀ।

ਜਨਵਰੀ 2026 ਵਿੱਚ ਦਿੱਲੀ ਦੀ ਇੱਕ ਅਦਾਲਤ ਨੇ ਸੱਜਣ ਕੁਮਾਰ ਨੂੰ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ ਨਾਲ ਸਬੰਧਤ ਦੋ ਹੋਰ ਮਾਮਲਿਆਂ ਵਿੱਚ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ। ਇਹ ਮਾਮਲੇ ਸੋਹਣ ਸਿੰਘ, ਉਨ੍ਹਾਂ ਦੇ ਜਵਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਦੀਆਂ ਮੌਤਾਂ ਨਾਲ ਸਬੰਧਤ ਸਨ। ਇਨ੍ਹਾਂ ਮਾਮਲਿਆਂ ਵਿੱਚ ਬਰੀ ਹੋਣ ਦੇ ਬਾਵਜੂਦ ਰਾਜ ਨਗਰ ਅਤੇ ਸਰਸਵਤੀ ਵਿਹਾਰ ਮਾਮਲਿਆਂ ਵਿੱਚ ਮਿਲੀਆਂ ਉਮਰ ਕੈਦ ਦੀਆਂ ਸਜ਼ਾਵਾਂ ਕਾਰਨ ਉਹ ਜੇਲ੍ਹ ਤੋਂ ਰਿਹਾਅ ਨਹੀਂ ਹੋ ਸਕਿਆ।

ਸੱਜਣ ਕੁਮਾਰ ਦੀ ਮੌਤ ਨਾਲ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਸਭ ਤੋਂ ਲੰਮੇ ਅਤੇ ਚਰਚਿਤ ਕਾਨੂੰਨੀ ਮਾਮਲਿਆਂ ਵਿੱਚੋਂ ਇੱਕ ਦਾ ਅੰਤ ਹੋ ਗਿਆ ਹੈ। ਉਸ ਦੀ ਮੌਤ ਉਸ ਸਮੇਂ ਹੋਈ ਜਦੋਂ ਉਸ ਦੀਆਂ ਕੁਝ ਅਪੀਲਾਂ ਅਤੇ ਹੋਰ ਅਦਾਲਤੀ ਕਾਰਵਾਈਆਂ ਅਜੇ ਬਕਾਇਆ ਸਨ। ਇਹ ਪੂਰਾ ਮਾਮਲਾ ਇਸ ਗੱਲ ਦੀ ਮਿਸਾਲ ਬਣਿਆ ਰਹੇਗਾ ਕਿ ਸਿਆਸੀ ਪ੍ਰਭਾਵ ਵਾਲੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪੀੜਤ ਪਰਿਵਾਰਾਂ ਅਤੇ ਗਵਾਹਾਂ ਨੂੰ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੱਕ ਸੰਘਰਸ਼ ਕਰਨਾ ਪਿਆ।

# ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਅਕਾਲੀ ਦਲ ਦੀ ਵੱਡੀ ਕਾਨਫਰੰਸ

ਲੌਂਗੋਵਾਲ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ, ਲੌਂਗੋਵਾਲ ਵਿਖੇ ਵੱਡੀ ਸ਼ਹੀਦੀ ਕਾਨਫਰੰਸ ਕੀਤੀ ਗਈ। ਇਸ ਮੌਕੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਪਰਮਜੀਤ

ਸੀਨੀਅਰ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸੰਤ ਲੌਂਗੋਵਾਲ ਦੀ 20 ਅਗਸਤ 1985 ਨੂੰ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾ ਰਾਜੀਵ-ਲੌਂਗੋਵਾਲ ਸਮਝੌਤੇ ਤੋਂ



ਹਰਸਿਮਰਤ ਬਾਦਲ ਨੇ ਕਿਹਾ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਅਮਨ ਅਤੇ ਸੂਬੇ ਦੇ ਹੱਕਾਂ ਦੀ ਗੱਲ

ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਉਨ੍ਹਾਂ ਸੁਖਬੀਰ ਸਿੰਘ ਬਾਦਲ ਉੱਤੇ ਹੋਏ ਹਮਲਿਆਂ ਦਾ ਵੀ ਜ਼ਿਕਰ ਕੀਤਾ ਅਤੇ

ਘਟਨਾਵਾਂ ਤੋਂ ਘਬਰਾਉਣ ਵਾਲਾ ਨਹੀਂ ਹੈ। ਉਨ੍ਹਾਂ ਪੰਜਾਬ ਦੀ ਮੌਜੂਦਾ ਕਾਨੂੰਨ-ਵਿਵਸਥਾ ’ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਧਾਰਮਿਕ ਅਸਥਾਨਾਂ ਵਿੱਚ ਵੀ ਸੁਰੱਖਿਆ ਨੂੰ ਲੈ ਕੇ ਚਿੰਤਾ ਬਣੀ ਹੋਈ ਹੈ। ਇਹ ਅਕਾਲੀ ਦਲ ਵੱਲੋਂ ਲਗਾਏ ਗਏ ਸਿਆਸੀ ਦੋਸ਼ ਹਨ।

ਬਿਕਰਮ ਸਿੰਘ ਮਜੀਠੀਆ ਅਤੇ ਹੋਰ ਆਗੂਆਂ ਨੇ ਵੀ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਹੱਕਾਂ, ਪਾਣੀਆਂ, ਕਿਸਾਨਾਂ, ਨੌਜਵਾਨਾਂ ਅਤੇ ਪੰਥਕ ਮੁੱਦਿਆਂ ਲਈ ਅਕਾਲੀ ਦਲ ਆਪਣੀ ਲੜਾਈ ਜਾਰੀ ਰੱਖੇਗਾ। ਆਗੂਆਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ

ਮਜ਼ਬੂਤ ਕਰਨ।

ਕਾਨਫਰੰਸ ਦੌਰਾਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਮੁੱਦਾ ਵੀ ਛਾਇਆ ਰਿਹਾ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਫੈਸਲੇ ਪੰਜਾਬੀਆਂ ਵੱਲੋਂ ਹੀ ਕੀਤੇ ਜਾਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਇਕੱਠੇ ਹੋਣ। ਅਕਾਲੀ ਲੀਡਰਸ਼ਿਪ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਪੰਜਾਬ ਭਰ ਵਿੱਚ ਲੋਕਾਂ ਨਾਲ ਸਿੱਧਾ ਸੰਪਰਕ ਵਧਾਏਗੀ ਅਤੇ ਸੂਬੇ ਦੇ ਮੁੱਦਿਆਂ ਨੂੰ ਲੈ ਕੇ ਆਪਣੀ ਸਿਆਸੀ

Space available for Ad
Contact # +1 (209) 303-1260
Contact # +91 81463-20009

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ




## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।

## ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

### ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ, ਡਾ. ਮਨਪ੍ਰੀਤ ਸਿੰਘ, ਡਾ. ਗੁਰਨਾਮ ਸਿੰਘ, ਭਾਈ ਕਰਨਜੀਤ ਸਿੰਘ ਸ਼ਾਂਤ, ਬੀਬੀ ਸੋਨੀ ਕੌਰ, ਬੀਬੀ ਸਿਮਰਤ ਕੌਰ, ਭਾਈ ਗੁਰਪ੍ਰੀਤ ਸਿੰਘ, ਭਾਈ ਸਿਮਰਨਜੀਤ ਸਿੰਘ ਖਾਲਸਾ, ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।

ਗੁਰਦਵਾਰਾ ਸਾਹਿਬ ਦਾ ਪਤਾ :
3636 Gurdwara Avenue
San Jose, Cailforina

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
(408) 274-9373


IAPW
INTERNATIONAL ASSOCIATION of PUNJABI WOMEN
28th Annual One n One Only Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE
ENTRY TICKET AT THE GATE
FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਬੰਗਲਾਦੇਸ਼ ਨੂੰ ਮਿਲਿਆ ਨਵਾਂ ਰਾਸ਼ਟਰਪਤੀ

ਢਾਕਾ
ਸਾਂਝੀ ਸੋਚ ਬਿਊਰੋ

ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਉਮੀਦਵਾਰ ਮਿਰਜ਼ਾ ਫ਼ਖਰੁਲ ਇਸਲਾਮ ਆਲਮਗੀਰ ਨੇ ਰਾਸ਼ਟਰਪਤੀ ਚੋਣ ਵਿੱਚ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੂੰ 255 ਵੋਟਾਂ ਮਿਲੀਆਂ। ਦੂਜੇ ਪਾਸੇ, ਬੰਗਲਾਦੇਸ਼ ਜਮਾਤ-ਏ-ਇਸਲਾਮੀ ਦੀ ਅਗਵਾਈ ਵਾਲੇ ਗੱਠਜੋੜ ਦੇ ਉਮੀਦਵਾਰ ਕਰਨਲ (ਰਿਟਾਇਰਡ) ਓਲੀ ਅਹਿਮਦ ਨੂੰ 88 ਵੋਟਾਂ ਮਿਲੀਆਂ।



ਬੰਗਲਾਦੇਸ਼ ਵਿੱਚ ਰਾਸ਼ਟਰਪਤੀ ਨੂੰ ਜਨਤਾ ਸਿੱਧੇ ਤੌਰ 'ਤੇ ਨਹੀਂ ਚੁਣਦੀ, ਸਗੋਂ ਸੰਸਦ ਦੇ ਮੈਂਬਰ (ਰਾਸ਼ਟਰਪਤੀ ਦੀ ਚੋਣ ਕਰਦੇ ਹਨ। ਸੰਸਦ ਵਿੱਚ ਬੀ.ਐੱਨ.ਪੀ ਕੋਲ ਦੋ-ਤਿਹਾਈ ਬਹੁਮਤ ਹੋਣ ਕਰਕੇ ਆਲਮਗੀਰ ਦੀ ਜਿੱਤ ਪਹਿਲਾਂ ਤੋਂ ਹੀ ਲਗਭਗ ਤੈਅ ਮੰਨੀ ਜਾ ਰਹੀ ਸੀ। ਉਨ੍ਹਾਂ ਦੇ ਸਾਹਮਣੇ ਜਮਾਤ-ਏ-ਇਸਲਾਮੀ ਦੀ ਅਗਵਾਈ ਵਾਲੇ 11 ਦਲਾਂ ਦੇ ਗੱਠਜੋੜ ਦੇ ਸਮਰਥਨ ਵਾਲੇ ਐੱਲ.ਡੀ.ਪੀ ਉਮੀਦਵਾਰ ਕਰਨਲ (ਰਿਟਾਇਰਡ) ਓਲੀ ਅਹਿਮਦ ਸਨ। ਰਾਸ਼ਟਰਪਤੀ ਚੋਣ ਲਈ ਵੀਰਵਾਰ ਨੂੰ ਸੰਸਦ ਭਵਨ ਵਿੱਚ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਿੰਗ ਹੋਈ। ਵੋਟਿੰਗ ਖ਼ਤਮ ਹੁੰਦਿਆਂ ਹੀ ਵੋਟਾਂ ਦੀ ਗਿਣਤੀ ਸ਼ੁਰੂ ਕੀਤੀ ਗਈ ਅਤੇ ਇਸ ਤੋਂ ਬਾਅਦ ਨਤੀਜੇ ਐਲਾਨ ਦਿੱਤੇ ਗਏ। ਰਾਸ਼ਟਰਪਤੀ ਚੋਣਾਂ ਦੇ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਅਧਿਕਾਰੀ ਏ.ਐੱਮ.ਐੱਮ. ਨਾਸਿਰ ਉੱਦੀਨ ਨੇ ਨਤੀਜੇ ਐਲਾਨੇ। ਏ.ਐੱਮ.ਐੱਮ. ਨਾਸਿਰ ਉੱਦੀਨ ਨੇ ਦੱਸਿਆ ਕਿ ਸਾਰੇ 349 ਸੰਸਦ ਮੈਂਬਰਾਂ ਨੇ ਤਿੰਨ ਪਾਰਦਰਸ਼ੀ ਵੋਟ ਪੇਟੀਆਂ ਵਿੱਚ ਆਪਣੀਆਂ ਵੋਟਾਂ ਪਾਈਆਂ। ਵੋਟਿੰਗ ਅਤੇ ਗਿਣਤੀ ਦੌਰਾਨ ਤਿੰਨ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨ ਦੇ ਸਕੱਤਰ ਮੌਜੂਦ ਸਨ। ਬੀ.ਐੱਨ.ਪੀ. ਨੇ ਐਲਾਨ ਕੀਤਾ ਹੈ ਕਿ ਮਿਰਜ਼ਾ ਫ਼ਖਰੁਲ ਇਸਲਾਮ ਆਲਮਗੀਰ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ 21 ਅਗਸਤ ਦੀ ਸ਼ਾਮ ਨੂੰ ਬੰਗਭਵਨ ਵਿੱਚ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣਗੇ।

# 153 ਯਾਤਰੀਆਂ ਨੂੰ ਲੈ ਕੇ ਜਾ ਰਹੇ ਜਹਾਜ਼ ਦੇ ਦੋਵੇਂ ਪਾਇਲਟ 36 ਹਜ਼ਾਰ ਫੁੱਟ ਦੀ ਉਚਾਈ 'ਤੇ ਸੁੱਤੇ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ



ਇੰਡੋਨੇਸ਼ੀਆ ਦੇ ਉੱਪਰ ਕਰੀਬ 36,000 ਫੁੱਟ ਦੀ ਉਚਾਈ 'ਤੇ ਉੱਡ ਰਹੇ ਇੱਕ ਏਅਰਬੱਸ ਏ320 ਜਹਾਜ਼ ਵਿੱਚ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਕ ਉਡਾਣ ਦੌਰਾਨ ਦੋਵੇਂ ਹੀ ਪਾਇਲਟ ਇੱਕੋ ਹੀ ਸਮੇਂ ਸੌਂ ਗਏ। ਇਸ ਦੌਰਾਨ ਜਹਾਜ਼ ਦੇ ਪਾਇਲਟ ਕਰੀਬ 28 ਮਿੰਟ ਤੱਕ ਏਅਰ ਟ੍ਰੈਫਿਕ ਕੰਟਰੋਲ ਦੇ ਕਾਲਾਂ ਦਾ ਜਵਾਬ ਨਹੀਂ ਦੇ ਸਕੇ ਅਤੇ ਜਹਾਜ਼ ਆਪਣੇ ਨਿਰਧਾਰਤ ਰਸਤੇ ਤੋਂ ਭਟਕ ਗਿਆ। ਜਹਾਜ਼ ਬਾਤਿਕ ਏਅਰ ਦੀ ਉਡਾਣ ਸੀ, ਜੋ ਕੇਂਦਾਰੀ ਤੋਂ ਜਕਾਰਤਾ ਜਾ ਰਹੀ ਸੀ। ਇਸ ਵਿੱਚ 153 ਯਾਤਰੀ ਅਤੇ ਚਾਲਕ ਦਲ ਦੇ 6 ਮੈਂਬਰ, ਯਾਨੀ ਕੁੱਲ 159 ਲੋਕ ਸਵਾਰ ਸਨ। ਉਡਾਣ ਦੌਰਾਨ ਕੈਪਟਨ ਨੇ ਕੋ-ਪਾਇਲਟ ਨੂੰ ਕੰਟਰੋਲ ਸੌਂਪ ਕੇ ਕੁਝ ਸਮੇਂ ਲਈ ਆਰਾਮ ਕਰਨ ਦੀ ਇਜਾਜ਼ਤ ਲਈ। ਪਰ ਕੁੱਝ ਸਮੇਂ ਬਾਅਦ ਕੋ-ਪਾਇਲਟ ਵੀ ਸੌਂ ਗਿਆ। ਇਸ ਤਰ੍ਹਾਂ ਕੁਝ ਸਮੇਂ ਲਈ ਕਾਕਪਿਟ ਵਿੱਚ ਦੋਵੇਂ ਪਾਇਲਟ ਸੌਂ ਰਹੇ ਸਨ, ਜਦਕਿ ਜਹਾਜ਼ ਆਟੋਪਾਇਲਟ ਮੋਡ 'ਤੇ ਉੱਡ ਰਿਹਾ ਸੀ। ਆਟੋਪਾਇਲਟ ਲੱਗਾ ਹੋਣ ਕਾਰਨ ਜਹਾਜ਼ ਹੌਲੀ-ਹੌਲੀ ਆਪਣੇ ਨਿਰਧਾਰਤ ਰੂਟ ਤੋਂ ਦੂਰ ਹੁੰਦਾ ਗਿਆ। ਏਅਰ ਟ੍ਰੈਫਿਕ ਕੰਟਰੋਲ ਵੱਲੋਂ ਜਹਾਜ਼ ਨਾਲ ਵਾਰ-ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਲਗਭਗ 28 ਮਿੰਟ ਤੱਕ ਕੋਈ ਜਵਾਬ ਨਹੀਂ ਮਿਲਿਆ। ਆਖ਼ਰਕਾਰ ਕੋ-ਪਾਇਲਟ ਦੀ ਅੱਖ ਖੁੱਲ੍ਹੀ, ਉਸ ਨੇ ਏਅਰ ਟ੍ਰੈਫਿਕ ਕੰਟਰੋਲ ਨਾਲ ਸੰਪਰਕ ਕੀਤਾ ਅਤੇ ਜਹਾਜ਼ ਨੂੰ ਮੁੜ ਸਹੀ ਰੂਟ 'ਤੇ ਲਿਆਂਦਾ। ਬਾਅਦ ਵਿੱਚ ਜਹਾਜ਼ ਸੁਰੱਖਿਅਤ ਢੰਗ ਨਾਲ ਮੰਜ਼ਿਲ 'ਤੇ ਉਤਰ ਗਿਆ ਅਤੇ ਕਿਸੇ ਵੀ ਯਾਤਰੀ ਨੂੰ ਨੁਕਸਾਨ ਨਹੀਂ ਪਹੁੰਚਿਆ। ਜਾਂਚ ਵਿੱਚ ਸਾਹਮਣੇ ਆਇਆ ਕਿ ਦੋਵੇਂ ਪਾਇਲਟ ਉਡਾਣ ਤੋਂ ਪਹਿਲਾਂ ਹੋਈ ਰੁਟੀਨ ਫਿਟਨੈੱਸ ਜਾਂਚ ਵਿੱਚ ਉਡਾਣ ਲਈ ਯੋਗ ਪਾਏ ਗਏ ਸਨ। ਹਾਲਾਂਕਿ, ਅਜਿਹੀਆਂ ਜਾਂਚਾਂ ਵਿੱਚ ਆਮ ਤੌਰ 'ਤੇ ਨੀਂਦ ਦੀ ਕਮੀ ਜਾਂ ਪਿਛਲੀ ਰਾਤ ਦੀ ਥਕਾਵਟ ਨੂੰ ਸਿੱਧੇ ਤੌਰ 'ਤੇ ਮਾਪਣ ਦਾ ਕੋਈ ਤੁਰੰਤ ਤਰੀਕਾ ਨਹੀਂ ਹੁੰਦਾ। ਇੰਡੋਨੇਸ਼ੀਆ ਦੀ ਟਰਾਂਸਪੋਰਟ ਸੇਫਟੀ ਜਾਂਚ ਵਿੱਚ ਇਸ ਘਟਨਾ ਦਾ ਮੁੱਖ ਕਾਰਨ ਥਕਾਵਟ ਦਾ ਢੁੱਕਵਾਂ ਪ੍ਰਬੰਧ ਨਾ ਹੋਣਾ ਦੱਸਿਆ ਗਿਆ। ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਕਿ ਏਅਰਲਾਈਨ ਵੱਲੋਂ ਕਾਕਪਿਟ ਵਿੱਚ ਨਿਯਮਿਤ ਜਾਂਚ ਦੀ ਵਿਵਸਥਾ ਤਾਂ ਸੀ, ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਸੀ ਕਿ ਇਸ ਦੀ ਜ਼ਿੰਮੇਵਾਰੀ ਕਿਸ ਪਾਇਲਟ ਦੀ ਹੋਵੇਗੀ।

# ਭੂਚਾਲ ਦੇ ਜ਼ਬਰਦਸਤ ਝਟਕਿਆਂ ਨਾਲ ਕੰਬਿਆ ਪੇਰੂ

ਪੇਰੂ
ਸਾਂਝੀ ਸੋਚ ਬਿਊਰੋ

ਪੇਰੂ ਦੇ ਦੱਖਣੀ ਹਿੱਸੇ ਵਿੱਚ ਵੀਰਵਾਰ ਨੂੰ 6.7 ਤੀਬਰਤਾ ਦਾ ਜ਼ਬਰਦਸਤ ਭੂਚਾਲ ਆਇਆ। ਫਿਲਹਾਲ ਭੂਚਾਲ ਕਾਰਨ ਕਿਸੇ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ ਹੈ। ਭੂਚਾਲ ਸਥਾਨਕ ਸਮੇਂ ਮੁਤਾਬਕ ਦੁਪਹਿਰ ਕਰੀਬ 1 ਵਜੇ ਆਇਆ, ਜੋ ਭਾਰਤੀ ਸਮੇਂ ਮੁਤਾਬਕ ਰਾਤ 11:30 ਵਜੇ ਦੇ ਕਰੀਬ ਬਣਦਾ ਹੈ।



ਭੂਚਾਲ ਦਾ ਕੇਂਦਰ ਆਯਾਕੂਚੋ ਖੇਤਰ ਦੇ ਪੈਰਿਨਾਕੋਚਾਸ ਸੂਬੇ ਵਿੱਚ ਉਪਾਹੁਆਚੋ ਸ਼ਹਿਰ ਤੋਂ ਕਰੀਬ 38 ਕਿਲੋਮੀਟਰ ਉੱਤਰ-ਪੱਛਮ ਵੱਲ ਦੱਸਿਆ ਗਿਆ ਹੈ। ਇਸ ਦੀ ਡੂੰਘਾਈ ਜ਼ਮੀਨ ਤੋਂ ਲਗਭਗ 66.7 ਕਿਲੋਮੀਟਰ ਹੇਠਾਂ ਸੀ। ਭੂਚਾਲ ਦੇ ਝਟਕੇ ਦੱਖਣੀ ਪੇਰੂ ਦੇ ਕਈ ਇਲਾਕਿਆਂ ਵਿੱਚ ਮਹਿਸੂਸ ਕੀਤੇ ਗਏ, ਜਿਨ੍ਹਾਂ 'ਚ ਇੰਕਾ ਅਤੇ ਅਰੇਕਿਪਾ ਸ਼ਾਮਿਲ ਹਨ ਜਿੱਥੇ ਲੋਕਾਂ ਨੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ। ਹਾਲਾਂਕਿ, ਅਜੇ ਤੱਕ ਕਿਸੇ ਵੱਡੇ ਨੁਕਸਾਨ ਦੀ ਰਿਪੋਰਟ ਸਾਹਮਣੇ ਨਹੀਂ ਆਈ ਹੈ।

# ਪੰਜਾਬ ਕਾਂਗਰਸ ਵਿੱਚ ਏਕਤਾ ਲਈ ਰਾਹੁਲ ਗਾਂਧੀ ਦੇ ਅੰਮ੍ਰਿਤਸਰ ਦੌਰੇ ਦੀ ਤਿਆਰੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪੰਜਾਬ ਕਾਂਗਰਸ ਵਿੱਚ ਚੱਲ ਰਹੇ ਅੰਦਰੂਨੀ ਮਤਭੇਦਾਂ ਨੂੰ ਘਟਾਉਣ ਅਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਪਾਰਟੀ ਨੂੰ ਇਕੱਠਾ ਕਰਨ ਵਾਸਤੇ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਅਗਸਤ ਦੇ ਅੰਤ ਤੱਕ ਅੰਮ੍ਰਿਤਸਰ ਆਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਪਾਰਟੀ ਸੂਤਰਾਂ ਅਨੁਸਾਰ ਦੌਰੇ ਦਾ ਪੂਰਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ, ਪਰ ਹਾਲੇ ਇਸਦੀ ਪੱਕੀ ਮਿਤੀ ਦਾ ਰਸਮੀ ਐਲਾਨ ਨਹੀਂ ਹੋਇਆ। ਦੱਸਿਆ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣਗੇ। ਉਹ ਸ਼ਹਿਰ ਦੇ ਹੋਰ ਧਾਰਮਿਕ ਸਥਾਨਾਂ ਉੱਤੇ ਵੀ ਜਾ ਸਕਦੇ ਹਨ। ਪੰਜਾਬ ਕਾਂਗਰਸ ਵੱਲੋਂ ਉਨ੍ਹਾਂ ਦੇ ਦੌਰੇ ਦੌਰਾਨ "ਏਕਤਾ ਬੱਸ ਯਾਤਰਾ" ਕੱਢਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਯਾਤਰਾ ਵਿੱਚ ਪੰਜਾਬ ਕਾਂਗਰਸ ਦੇ ਸਾਰੇ ਵੱਡੇ ਆਗੂਆਂ ਨੂੰ ਇੱਕ ਮੰਚ ਉੱਤੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਪੰਜਾਬ ਕਾਂਗਰਸ ਵਿੱਚ ਪਿਛਲੇ ਕੁਝ ਸਮੇਂ ਤੋਂ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕੁਝ ਹੋਰ ਸੀਨੀਅਰ ਆਗੂਆਂ ਵਿਚਾਲੇ ਮਤਭੇਦ ਸਾਹਮਣੇ ਆ ਰਹੇ ਹਨ। ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ ਅਤੇ ਹੋਰ ਕਈ ਆਗੂ ਪਾਰਟੀ ਦੇ ਕੇਂਦਰੀ ਆਗੂਆਂ ਸਾਹਮਣੇ ਆਪਣੀਆਂ ਚਿੰਤਾਵਾਂ ਰੱਖ ਚੁੱਕੇ ਹਨ। ਦੂਜੇ ਪਾਸੇ, ਕਾਂਗਰਸ ਹਾਈਕਮਾਨ ਨੇ ਸਾਰੇ ਆਗੂਆਂ ਨੂੰ ਨਿੱਜੀ ਮਤਭੇਦ ਛੱਡ ਕੇ ਇਕੱਠੇ ਕੰਮ ਕਰਨ ਲਈ ਕਿਹਾ ਹੈ।

ਪਾਰਟੀ ਦਾ "ਹਰ ਬੂਥ, ਕਾਂਗਰਸ ਮਜ਼ਬੂਤ" ਪ੍ਰੋਗਰਾਮ ਵੀ ਦੋਆਬਾ ਅਤੇ ਮਾਝਾ ਖੇਤਰ ਵਿੱਚ 25 ਅਗਸਤ ਤੱਕ ਰੋਕਿਆ ਗਿਆ ਹੈ। ਇਸਦਾ ਅਗਲਾ ਪੜਾਅ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਆਪਣੇ ਦੌਰੇ ਦੌਰਾਨ ਆਗੂਆਂ ਅਤੇ ਵਰਕਰਾਂ ਨੂੰ ਸਾਫ਼ ਸੁਨੇਹਾ ਦੇਣਗੇ ਕਿ 2027 ਦੀਆਂ ਚੋਣਾਂ ਜਿੱਤਣ ਲਈ ਪਾਰਟੀ ਦੀ ਏਕਤਾ ਸਭ ਤੋਂ ਜ਼ਰੂਰੀ ਹੈ। ਹਾਲਾਂਕਿ ਦੌਰੇ ਅਤੇ ਬੱਸ ਯਾਤਰਾ ਦਾ ਅੰਤਿਮ ਪ੍ਰੋਗਰਾਮ ਅਧਿਕਾਰਤ ਐਲਾਨ ਤੋਂ ਬਾਅਦ ਹੀ ਪੱਕਾ ਮੰਨਿਆ ਜਾਵੇਗਾ।




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

In Loving Memory of

# Gurnam Singh Chatha



June 30, 1948 - August 16, 2026

**FUNERAL SERVICE:**
SUNDAY, AUGUST 23RD
1PM

CALLAGHAN MORTUARY & LIVERMORE CREMATORY
3833 EAST AVE, LIVERMORE, CA 94550

**FOLLOWED BY ANTIM ARDAAS AT:**

LIVERMORE GURDWARA SAHIB
2089 GURDWARA STREET, 2089 N LIVERMORE AVE, LIVERMORE, CA 94551


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# 2027 ਦੀਆਂ ਚੋਣਾਂ ਲਈ ਪੰਜਾਬ ਵਿੱਚ ਵੱਡੀ ਟੀਮ ਉਤਾਰਨ ਦੀ ਤਿਆਰੀ ’ਚ ਭਾਜਪਾ

**ਨਵੀਂ ਦਿੱਲੀ**
**ਸਾਂਝੀ ਸੋਚ ਬਿਊਰੋ**

ਭਾਰਤੀ ਜਨਤਾ ਪਾਰਟੀ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਵੱਲੋਂ ਕੇਂਦਰੀ ਜਲ ਸ਼ਕਤੀ ਮੰਤਰੀ ਚੰਦਰਕਾਂਤ ਰਘੂਨਾਥ ਪਾਟਿਲ ਨੂੰ ਪੰਜਾਬ ਦਾ ਚੋਣ ਇੰਚਾਰਜ ਬਣਾਏ ਜਾਣ ਦੀ ਸੰਭਾਵਨਾ ਹੈ।

ਹਾਲਾਂਕਿ ਉਨ੍ਹਾਂ ਦੀ ਨਿਯੁਕਤੀ ਦਾ ਰਸਮੀ ਐਲਾਨ ਅਜੇ ਨਹੀਂ ਹੋਇਆ, ਇਸ ਲਈ ਇਸਨੂੰ ਫਿਲਹਾਲ ਪਾਰਟੀ ਸੂਤਰਾਂ ਉੱਤੇ ਆਧਾਰਿਤ ਜਾਣਕਾਰੀ ਹੀ ਮੰਨਿਆ ਜਾਵੇਗਾ।

ਪਾਟਿਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਰੋਸੇਯੋਗ ਆਗੂਆਂ ਵਿੱਚ ਗਿਣਿਆ ਜਾਂਦਾ ਹੈ। ਉਹ ਗੁਜਰਾਤ ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਪਾਰਟੀ ਦੀਆਂ ਕਈ ਚੋਣ ਮੁਹਿੰਮਾਂ ਸੰਭਾਲ ਚੁੱਕੇ ਹਨ।

ਵਰਣਨਯੋਗ ਹੈ ਕਿ ਭਾਜਪਾ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਤਜਰਬੇ ਨਾਲ ਪੰਜਾਬ ਵਿੱਚ ਪਾਰਟੀ ਦੀ ਜਥੇਬੰਦੀ ਮਜ਼ਬੂਤ ਕਰਨ, ਵਰਕਰਾਂ ਨੂੰ ਸਰਗਰਮ ਕਰਨ ਅਤੇ ਉਮੀਦਵਾਰਾਂ ਦੀ ਚੋਣ ਕਰਨ ਵਿੱਚ ਮਦਦ ਮਿਲੇਗੀ।

ਇਸ ਤੋਂ ਇੱਕ ਦਿਨ ਪਹਿਲਾਂ ਰਾਜ ਸਭਾ ਮੈਂਬਰ ਸਤੀਸ਼ ਪੂਨੀਆ ਨੂੰ ਪੰਜਾਬ ਭਾਜਪਾ ਦਾ ਨਵਾਂ ਇੰਚਾਰਜ ਬਣਾਇਆ ਗਿਆ ਸੀ। ਪੂਨੀਆ ਅੱਜ, 20 ਅਗਸਤ ਤੋਂ ਪੰਜਾਬ ਭਾਜਪਾ ਦੇ ਨਾਰਾਜ਼ ਅਤੇ ਸੀਨੀਅਰ ਆਗੂਆਂ ਨਾਲ ਗੱਲਬਾਤ ਸ਼ੁਰੂ ਕਰ ਸਕਦੇ ਹਨ।

ਸੂਬਾ ਇਕਾਈ ਵਿੱਚ ਕੁਝ ਜ਼ਿਲ੍ਹਾ ਪ੍ਰਧਾਨਾਂ ਨੂੰ ਨਿਯੁਕਤੀ ਤੋਂ ਸਿਰਫ਼ 13 ਦਿਨਾਂ ਬਾਅਦ ਬਦਲਣ ਅਤੇ ਨਵੀਂ ਸੂਬਾਈ ਟੀਮ ਬਣਾਉਣ ਕਾਰਨ ਨਾਰਾਜ਼ਗੀ ਸਾਹਮਣੇ ਆਈ ਸੀ। ਪੂਨੀਆ ਨੂੰ ਇਹ ਮਤਭੇਦ ਘਟਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਭਾਜਪਾ ਨੇ ਸਾਬਕਾ ਪੰਜਾਬ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਕੌਮੀ ਮੀਤ ਪ੍ਰਧਾਨ ਬਣਾਇਆ ਹੈ। ਪਾਰਟੀ ਮੰਨਦੀ ਹੈ ਕਿ ਇਸ ਨਾਲ ਪੰਜਾਬ ਦੇ ਸਿੱਖ ਅਤੇ ਪੇਂਡੂ ਵੋਟਰਾਂ ਤੱਕ ਪਹੁੰਚ ਵਧਾਉਣ ਵਿੱਚ ਮਦਦ ਮਿਲ ਸਕਦੀ ਹੈ।

ਭਾਜਪਾ ਦੀ ਸੂਬਾਈ ਲੀਡਰਸ਼ਿਪ ਲਗਾਤਾਰ ਕਹਿ ਰਹੀ ਹੈ ਕਿ ਪਾਰਟੀ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਆਪਣੇ ਦਮ ’ਤੇ ਚੋਣ ਲੜੇਗੀ।

ਦੂਜੇ ਪਾਸੇ, ਅਕਾਲੀ ਦਲ ਨਾਲ ਮੁੜ ਗੱਠਜੋੜ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਹਨ, ਪਰ ਅਜੇ ਤੱਕ ਦੋਵਾਂ ਪਾਰਟੀਆਂ ਵੱਲੋਂ ਕੋਈ ਰਸਮੀ ਸਮਝੌਤਾ ਨਹੀਂ ਕੀਤਾ ਗਿਆ।

# ਅਮਰੀਕਾ 'ਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਆਈਸ ਨੂੰ ਨਵਾਂ ਹਥਿਆਰ ਦੇਣ ਦੀਆਂ ਤਿਆਰੀਆਂ!

**ਵਾਸ਼ਿੰਗਟਨ**
**ਸਾਂਝੀ ਸੋਚ ਬਿਊਰੋ**

ਅਮਰੀਕਾ ‘ਚ ਗੈਰ-ਕਾਨੂੰਨੀ ਪ੍ਰਵਾਸੀਆਂ ‘ਚ ਡਰ ਦਾ ਮਾਹੌਲ ਪੈਦਾ ਕਰਨ ਲਈ ਇੰਮੀਗ੍ਰੇਸ਼ਨ ਕਸਟਮਸ ਇਨਫੋਰਸਮੈਂਟ (ਆਈਸ) ਨੂੰ ਇੱਕ ਨਵਾਂ ਹਥਿਆਰ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਲੰਘੇ ਪਿਛਲੇ 19 ਮਹੀਨਿਆਂ ‘ਚ ਇਮੀਗ੍ਰੇਸ਼ਨ ਲਾਗੂ ਕਰਨ ਦੌਰਾਨ ਆਈਸ ਵੱਲੋਂ ਗੋਲੀਬਾਰੀ ਦੀਆਂ ਲਗਭਗ ਇੱਕ ਦਰਜਨ ਦੇ ਕਰੀਬ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿਚ ਛੇ ਲੋਕਾਂ ਦੀ ਮੌਤ ਵੀ ਹੋ ਗਈ ਸੀ। ਦਰਅਸਲ, ਟਰੰਪ ਸਰਕਾਰ ਆਈਸ ਦੇ ਏਜੰਟਾਂ ਨੂੰ ਬਾਡੀ ਕੈਮਰੇ ਦੇਣ ਦੀ ਵੀ ਯੋਜਨਾ ਬਣਾ ਰਹੀ ਹੈ ਪਰ ਹੁਣ ਇਸ ਸਭ ਤੋਂ ਇਲਾਵਾ ਉਹ ਇੱਕ ਹੋਰ ਵੱਡਾ ਹਥਿਆਰ ਪ੍ਰਾਪਤ ਕਰਨ ਜਾ ਰਹੀ ਹੈ। ਜਿਸ ਨਾਲ ਏਜੰਟ ਕਿਸੇ ਵੀ ਹਿੰਸਕ ਪ੍ਰਵਾਸੀ ਨੂੰ ਇੱਕ ਸਕਿੰਟ ਵਿਚ ਕਾਬੂ ਕਰ ਸਕਣਗੇ। ਅਮਰੀਕੀ ਮੀਡੀਆ ਰਿਪੋਰਟਾਂ ਦੇ ਅਨੁਸਾਰ ਆਈਸ ਏਜੰਟਾਂ ਨੂੰ ਹੁਣ ਇਲੈਕਟ੍ਰਿਕ ਦਸਤਾਨੇ ਦਿੱਤੇ ਜਾਣਗੇ, ਜੋ ਕਿਸੇ ਨੂੰ ਛੂਹਣ ‘ਤੇ ਉਨ੍ਹਾਂ ਦੇ ਸਾਹਮਣੇ ਵਾਲੇ ਵਿਅਕਤੀ ਨੂੰ ਜ਼ੋਰਦਾਰ ਬਿਜਲੀ ਦਾ ਝਟਕਾ ਦੇਣਗੇ, ਜਿਸ ਕਰਨ ਉਨ੍ਹਾਂ ਦੀ ਗ੍ਰਿਫਤਾਰੀ ਸੁਖਾਲੀ ਹੋ ਜਾਵੇਗੀ। ਡਿਪਾਰਟਮੈਂਟ ਹੋਮਲੈਂਡ ਸਕਿਓਰਿਟੀ ਨੇ ਕਿਹਾ ਕਿ ਆਈਸ ਹਜ਼ਾਰਾਂ ਇਲੈਕਟ੍ਰਿਕ ਦਸਤਾਨੇ ਖਰੀਦਣ ਲਈ 20 ਮਿਲੀਅਨ ਡਾਲਰ ਖਰਚ ਕਰੇਗਾ




ਅਤੇ ਅਗਲੇ ਸਾਲ ਮਾਰਚ ਤੱਕ ਅਧਿਕਾਰੀ ਅਤੇ ਏਜੰਟ ਇਨ੍ਹਾਂ ਨਾਲ ਪੂਰੇ ਲੈਸ ਹੋ ਜਾਣਗੇ।

ਦਸਤਾਨੇ ਵਜੋਂ ਜਾਣਿਆ ਜਾਂਦਾ ਇਹ ਯੰਤਰ, ਇੱਕ ਪੂਰੇ ਰੂਪ ਵਿਚ ਤਿਆਰ ਕੀਤੇ ਘੱਟ ਆਊਟਪੁੱਟ ਵੋਲਟੇਜ ਐਮੀਟਰ ਲਈ ਖੜ੍ਹਾ ਹੋ ਰਿਹਾ ਹੈ ਅਤੇ ਇਸਨੂੰ ਲੈਕਸਿੰਗਟਨ, ਕਨੈਕਟੀਕਟ ਵਿਚ ਕੰਪਲੀਐਂਟ ਟੈਕਨਾਲੋਜੀ ਦੁਆਰਾ ਨਿਰਮਿਤ ਕੀਤਾ ਗਿਆ ਹੈ।

ਹਾਲ ਹੀ ਦੇ ਸਾਲਾਂ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਕਈ ਜੇਲ੍ਹਾਂ ਤੇ ਪੁਲਿਸ ਵਿਭਾਗਾਂ ਦੁਆਰਾ ਇਲੈਕਟ੍ਰਿਕ ਦਸਤਾਨੇ ਵਰਤੇ ਗਏ ਹਨ। ਹਾਲਾਂਕਿ ਇੱਕ ਸਮੇਂ ਜਦੋਂ ਅਧਿਕਾਰੀਆਂ ‘ਤੇ ਇਸ ਸਮੇਂ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਹਿੰਸਕ ਵਿਵਹਾਰ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ, ਤਾਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਇਲੈਕਟ੍ਰਿਕ ਦਸਤਾਨੇ ਉਨ੍ਹਾਂ ਨੂੰ ਹੋਰ ਹਮਲਾਵਰ ਬਣਾ ਦੇਣਗੇ। ਕੰਪਲੀਅਨਟ ਟੈਕਨਾਲੋਜੀ ਦਾ ਕਹਿਣਾ ਹੈ ਕਿ ਇਹ ਆਮ ਪੈਟਰੋਲ ਦਸਤਾਨਿਆਂ ਵਾਂਗ ਦਿਖਾਈ ਦਿੰਦੇ ਹਨ, ਪਰ ਜਦੋਂ ਉਨ੍ਹਾਂ ‘ਤੇ ਇੱਕ ਬਟਨ ਦਬਾਇਆ ਜਾਂਦਾ ਹੈ, ਤਾਂ ਇਹ ਇਲੈਕਟ੍ਰਿਕ ਮੋਡ ਵਿਚ ਚਲੇ ਜਾਂਦੇ ਹਨ।

ਹਾਲਾਂਕਿ, ਇਨ੍ਹਾਂ ਦਸਤਾਨਿਆਂ ਨਾਲ ਸਿਰਫ਼ ਉਦੋਂ ਹੀ ਬਿਜਲੀ ਦਾ ਝਟਕਾ ਲੱਗਦਾ ਹੈ, ਜਦੋਂ ਕੋਈ ਉਨ੍ਹਾਂ ਦੀ ਚਮੜੀ ਨੂੰ ਛੂੰਹਦਾ ਹੈ। ਜਿਸ ਨੂੰ ਵੀ ਬਿਜਲੀ ਦਾ ਝਟਕਾ ਲੱਗਦਾ ਹੈ, ਉਹ ਕੁਝ ਸਕਿੰਟਾਂ ਲਈ ਝਟਕੇ ਮਾਰਦਾ ਹੈ ਅਤੇ ਉਸ ਸਮੇਂ ਉਨ੍ਹਾਂ ਨੂੰ ਕਾਬੂ ਵਿਚ ਲਿਆ ਜਾ ਸਕਦਾ ਅਤੇ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਮਾਹਿਰਾਂ ਦੇ ਅਨੁਸਾਰ ਇਹ ਮਧੂ-ਮੱਖੀ ਦੇ ਡੰਗ ਵਾਂਗ ਦਰਦ ਦਾ ਕਾਰਨ ਬਣਦਾ ਹੈ ਅਤੇ ਇਹ ਦਸਤਾਨੇ ਦੰਗਾਕਾਰੀਆਂ ਨੂੰ ਕੰਟਰੋਲ ਕਰਨ ਵਿਚ ਵੀ ਬਹੁਤ ਪ੍ਰਭਾਵਸ਼ਾਲੀ ਹੈ।

# ਫਲੋਰੀਡਾ 'ਚ ਭਾਰਤੀ-ਅਮਰੀਕੀ ਪੀਆ ਡਾਂਡੀਆ ਨੇ ਡੈਮੋਕ੍ਰੇਟਿਕ ਪ੍ਰਾਇਮਰੀ ਜਿੱਤੀ

**ਫਲੋਰੀਡਾ**
**ਸਾਂਝੀ ਸੋਚ ਬਿਊਰੋ**

ਅਮਰੀਕੀ ਔਰਤ ਅਤੇ ਸਾਬਕਾ ਸਕੂਲ ਪ੍ਰਿੰਸੀਪਲ ਪੀਆ ਡਾਂਡੀਆ ਨੇ ਫਲੋਰੀਡਾ ਦੇ 22ਵੇਂ ਕਾਂਗਰੇਸ਼ਨਲ ਜ਼ਿਲ੍ਹੇ ਲਈ ਡੈਮੋਕ੍ਰੇਟਿਕ ਪਾਰਟੀ ਪ੍ਰਾਇਮਰੀ ਜਿੱਤ ਲਈ ਹੈ। ਨਵੰਬਰ ਦੀਆਂ ਚੋਣਾਂ ਵਿਚ ਉਸਦਾ ਸਾਹਮਣਾ ਰਿਪਬਲਿਕਨ ਉਮੀਦਵਾਰ ਅਤੇ ਸਾਬਕਾ ਮਰੀਨ ਕੇਸੀ ਆਸਕਰ ਨਾਲ ਹੋਵੇਗਾ। ਡਾਂਡੀਆ ਨੂੰ ਪ੍ਰਾਇਮਰੀ ਵਿਚ 68.6 ਪ੍ਰਤੀਸ਼ਤ ਵੋਟਾਂ ਮਿਲੀਆਂ, ਜਦੋਂ ਕਿ ਉਸਦੀ ਵਿਰੋਧੀ ਵਕੀਲ ਕੇਸੀਆ ਅਰਲੀ ਨੂੰ 31.4 ਪ੍ਰਤੀਸ਼ਤ ਵੋਟਾਂ ਮਿਲੀਆਂ। ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਇੱਕ ਸੰਦੇਸ਼ ਵਿਚ, ਡਾਂਡੀਆ ਨੇ ਕਿਹਾ, ”ਐੱਫ.ਐੱਲ.-22, ਇਸ ਮੁਹਿੰਮ ਵਿਚ ਵਿਸ਼ਵਾਸ ਕਰਨ ਲਈ ਧੰਨਵਾਦ।

ਮੈਂ ਆਪਣੇ ਵਿਦਿਆਰਥੀਆਂ, ਆਪਣੇ ਪੁੱਤਰ ਅਤੇ ਇਸ ਜ਼ਿਲ੍ਹੇ ਵਿਚ ਵੱਡੇ ਹੋ ਰਹੇ ਹਰ ਬੱਚੇ ਲਈ ਚੋਣ ਲੜਨ ਦਾ ਫੈਸਲਾ ਕੀਤਾ ਹੈ, ਜੋ ਇੱਕ ਬਿਹਤਰ ਭਵਿੱਖ ਦਾ ਹੱਕਦਾਰ ਹੈ।” ਉਸਨੇ ਅੱਗੇ ਕਿਹਾ, ”ਮਿਲ ਕੇ ਅਸੀਂ ਲਾਗਤਾਂ ਘਟਾਉਣ, ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਵਾਸ਼ਿੰਗਟਨ ਨੂੰ ਦੁਬਾਰਾ ਲੋਕਾਂ ਲਈ ਕੰਮ ਕਰਨ ਲਈ ਅੰਦੋਲਨ ਨੂੰ ਅੱਗੇ ਵਧਾਵਾਂਗੇ।”ਡੈਮੋਕ੍ਰੇਟਿਕ ਨੈਸ਼ਨਲ ਕਮੇਟੀ (ਡੀ.ਐੱਨ.ਸੀ.) ਨੇ ਵੀ ਡਾਂਡੀਆ ਨੂੰ ਉਸਦੀ ਪ੍ਰਾਇਮਰੀ ਜਿੱਤ ‘ਤੇ ਵਧਾਈ ਦਿੱਤੀ।

ਕਮੇਟੀ ਨੇ ਇੱਕ ਬਿਆਨ ਵਿਚ ਕਿਹਾ, ”ਇੱਕ ਸਿੱਖਿਅਕ ਅਤੇ ਆਪਣੇ ਭਾਈਚਾਰੇ ਵਿਚ ਲੰਬੇ ਸਮੇਂ ਤੋਂ ਨੇਤਾ ਵਜੋਂ ਪਿਆ ਨੇ ਆਪਣੇ ਆਪ ਨੂੰ ਮੌਕੇ ਵਧਾਉਣ ਅਤੇ ਕੰਮ ਕਰਨ ਵਾਲੇ ਪਰਿਵਾਰਾਂ ਲਈ ਲੜਨ ਲਈ ਸਮਰਪਿਤ ਕੀਤਾ ਹੈ।” ਬਿਆਨ ਵਿਚ ਕਿਹਾ ਗਿਆ ਹੈ, ”ਡੀ.ਐੱਨ.ਸੀ. ਪਿਆ ਨੂੰ ਚੁਣੇ ਜਾਣ, ਡੈਮੋਕ੍ਰੇਟਿਕ ਪਾਰਟੀ ਲਈ ਇਸ ਸੀਟ ਨੂੰ ਉਲਟਾਉਣ ਅਤੇ ਨਵੰਬਰ ਵਿਚ ਹਾਊਸ ਬਹੁਮਤ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਤਿਆਰ ਹੈ।”

ਭਾਰਤੀ ਪ੍ਰਵਾਸੀਆਂ ਦੀ ਬੱਚੀ, ਡਾਂਡੀਆ ਪਹਿਲਾਂ ਫਲੋਰੀਡਾ ਦੇ 21ਵੇਂ ਜ਼ਿਲ੍ਹੇ ਵਿਚ ਰਿਪਬਲਿਕਨ ਪਾਰਟੀ ਦੇ ਨੇਤਾ ਅਤੇ ਹਾਊਸ ਫਾਰੇਨ ਅਫੇਅਰਜ਼ ਕਮੇਟੀ ਦੇ ਚੇਅਰਮੈਨ ਬ੍ਰਾਇਨ ਮਾਸਟ ਨੂੰ ਚੁਣੌਤੀ ਦੇਣ ਲਈ ਚੋਣ ਲੜੀ ਸੀ। ਡਾਂਡੀਆ, ਇੱਕ ਸਾਬਕਾ ਹਾਈ ਸਕੂਲ ਪ੍ਰਿੰਸੀਪਲ, ਬਾਅਦ ਵਿਚ ਦੱਖਣੀ ਫਲੋਰੀਡਾ ਦੇ 22ਵੇਂ ਜ਼ਿਲ੍ਹੇ ਵਿਚ ਚਲੀ ਗਈ, ਜਿਸਨੂੰ ਮੁੜ ਵੰਡਣ ਤੋਂ ਬਾਅਦ ਬਣਾਇਆ ਗਿਆ ਸੀ ਅਤੇ ਇਸ ਵਿਚ ਕੋਈ ਮੌਜੂਦਾ ਕਾਨੂੰਨ ਨਿਰਮਾਤਾ ਨਹੀਂ ਸੀ। ਡਾਂਡੀਆ ਦੀ ਮੁਹਿੰਮ ਵੈੱਬਸਾਈਟ ਦੇ ਅਨੁਸਾਰ ਉਹ ਪਹਿਲੀ ਪੀੜ੍ਹੀ ਦੀ ਅਮਰੀਕੀ ਹੈ ਅਤੇ ਇੱਕ ਹਾਈ ਸਕੂਲ ਪ੍ਰਿੰਸੀਪਲ, ਨੀਤੀ ਮਾਹਰ ਅਤੇ ਤਕਨਾਲੋਜੀ ਨਵੀਨਤਾਕਾਰੀ ਵਜੋਂ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਹੈ।

ਫਲੋਰੀਡਾ ਦੇ ਪਾਮ ਬੀਚ ਕਾਉਂਟੀ ਵਿਚ ਪੈਦਾ ਹੋਈ ਅਤੇ ਵੱਡੀ ਹੋਈ, ਡਾਂਡੀਆ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਅਧਿਆਪਕ ਵਜੋਂ ਕੀਤੀ। ਉਸਨੇ ਬਾਅਦ ਵਿਚ ਹਾਰਲੇਮ ਵਿਚ ਇੱਕ ਹਾਈ ਸਕੂਲ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ। ਉਸਨੇ ਘੱਟ ਆਮਦਨੀ ਵਾਲੇ ਵਿਦਿਆਰਥੀਆਂ ਦੇ ਜੀਵਨ ਨੂੰ ਬਦਲਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ ‘ਤੇ ਸੁਤੰਤਰ ਬਣਾਉਣ ਦੇ ਉਦੇਸ਼ ਨਾਲ ਹਾਈ ਸਕੂਲ ਦੀ ਸਥਾਪਨਾ ਕੀਤੀ।

ਉਸਦੀ ਮੁਹਿੰਮ ਵੈੱਬਸਾਈਟ ਦੇ ਅਨੁਸਾਰ, ਇਸ ਸਕੂਲ ਦੇ ਸਾਰੇ ਗ੍ਰੈਜੂਏਟ ਕਾਲਜ ਗਏ, ਜਦੋਂ ਕਿ ਉਨ੍ਹਾਂ ਵਿਚੋਂ 86 ਪ੍ਰਤੀਸ਼ਤ ਘੱਟ ਆਮਦਨ ਵਾਲੇ ਪਰਿਵਾਰਾਂ ਤੋਂ ਆਏ ਸਨ। ਵੈੱਬਸਾਈਟ ਦੇ ਅਨੁਸਾਰ, ਡਾਂਡੀਆ, ਜੋ 28 ਸਾਲ ਦੀ ਉਮਰ ਵਿਚ ਸਕੂਲ ਦੀ ਸੰਸਥਾਪਕ ਪ੍ਰਿੰਸੀਪਲ ਬਣੀ, ਦੇਸ਼ ਦੇ ਸਭ ਤੋਂ ਘੱਟ ਉਮਰ ਦੇ ਹਾਈ ਸਕੂਲ ਪ੍ਰਿੰਸੀਪਲਾਂ ਵਿਚੋਂ ਇੱਕ ਹੈ।

*In Loving Memory of*

# Ajit Singh Dosanjh



October 7, 1941 - August 19, 2026

**Funeral service:**

August 29, 2026 | at 9:00-11:00am

**247 North Broadway Turlock, CA 95380**

Sri Sehej Path Bhog & Antim Ardaas at Sikh Temple

**1391 5th St, Turlock CA 95380**

Contact Ajmer Singh Dosanjh:

(209) 216-7763


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

# ਅਮਰੀਕਾ 'ਚ ਵੱਖ-ਵੱਖ ਇਮੀਗ੍ਰੇਸ਼ਨ ਮਾਮਲਿਆਂ 'ਚ ਭਾਰਤੀ ਮੂਲ ਦੇ 2 ਲੋਕ ਗ੍ਰਿਫ਼ਤਾਰ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਡਿਪੋਰਟੇਸ਼ਨ (ਦੇਸ਼ ਨਿਕਾਲੇ) ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਲਈ ਕਾਰਵਾਈ ਤੇਜ਼ ਕੀਤੇ ਜਾਣ ਵਿਚਕਾਰ ਵੱਖ-ਵੱਖ ਇਮੀਗ੍ਰੇਸ਼ਨ ਮਾਮਲਿਆਂ ਵਿਚ ਭਾਰਤੀ ਮੂਲ ਦੇ 2 ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ, ਜਿਨ੍ਹਾਂ ਵਿਚੋਂ ਇਕ ਵਿਅਕਤੀ ਜੈਜ਼ ਗਿਟਾਰਵਾਦਕ ਹੈ, ਜਦਕਿ ਦੂਜੀ ਗ੍ਰੀਨ ਕਾਰਡ ਹੋਲਡਰ ਬਜ਼ੁਰਗ ਔਰਤ ਹੈ।

ਨਵੀਂ ਦਿੱਲੀ ਵਿਚ ਜਨਮੇ ਜੈਜ਼ ਗਿਟਾਰਵਾਦਕ ਅਤੇ ਅਧਿਆਪਕ ਪ੍ਰਿਤੇਸ਼ ਵਾਲੀਆ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਲਾਸ ਏਂਜਲਸ ਪਰਤਣ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਹਿਰਾਸਤ ਵਿਚ ਲਿਆ। ਉਨ੍ਹਾਂ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤੇ ਗਏ ਇਕ ਲਿਖਤੀ ਬਿਆਨ ਦੇ ਅਨੁਸਾਰ ਉਨ੍ਹਾਂ ਨੂੰ ਅਡੇਲਾਂਟੋ ਆਈਸ ਪ੍ਰੋਸੈਸਿੰਗ ਸੈਂਟਰ ਲਿਜਾਇਆ ਗਿਆ। ਉਹ 14 ਦਿਨ ਹਿਰਾਸਤ ਵਿਚ ਰਹਿਣ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ ਹੋਏ ਹਨ।

ਦੂਜਾ ਮਾਮਲਾ ਵੇਂਕਟਾ ਵਾਸਮਸੈੱਟੀ ਦਾ ਹੈ, ਜੋ ਸਥਾਈ ਨਿਵਾਸੀ ਹੈ ਅਤੇ 2013 ਤੋਂ ਅਮਰੀਕੀ ਗ੍ਰੀਨ ਕਾਰਡ ਧਾਰਕ ਹੈ। ਉਸ ਨੂੰ 11 ਅਗਸਤ ਨੂੰ ਉੱਤਰੀ ਕੈਰੋਲੀਨਾ ਵਿਚ ਨਿਰਧਾਰਤ ਜਾਂਚ ਲਈ ਪਹੁੰਚਣ 'ਤੇ ਆਈਸ ਨੇ ਹਿਰਾਸਤ ਵਿਚ ਲੈ ਲਿਆ।



ਵਾਸਮਸੈੱਟੀ 27 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਹਨ ਅਤੇ ਉੱਤਰੀ ਕੈਰੋਲੀਨਾ 'ਚ ਦਿਵਿਆਂਗ ਵਿਦਿਆਰਥੀਆਂ ਨਾਲ ਕੰਮ ਕਰਦੀਆਂ ਹਨ।

ਨਵੀਂ ਦਿੱਲੀ ਵਿਚ ਜਨਮੇ ਜੈਜ਼ ਗਿਟਾਰਵਾਦਕ ਅਤੇ ਅਧਿਆਪਕ ਪ੍ਰਿਤੇਸ਼ ਵਾਲੀਆ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਲਾਸ ਏਂਜਲਸ ਪਰਤਣ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਹਿਰਾਸਤ ਵਿਚ ਲਿਆ।

ਉਨ੍ਹਾਂ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤੇ ਗਏ ਇਕ ਲਿਖਤੀ ਬਿਆਨ ਦੇ ਅਨੁਸਾਰ ਉਨ੍ਹਾਂ ਨੂੰ ਅਡੇਲਾਂਟੋ ਆਈਸ ਪ੍ਰੋਸੈਸਿੰਗ ਸੈਂਟਰ ਲਿਜਾਇਆ ਗਿਆ। ਉਹ 14 ਦਿਨ ਹਿਰਾਸਤ ਵਿਚ ਰਹਿਣ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ ਹੋਏ ਹਨ।

ਦੂਜਾ ਮਾਮਲਾ ਵੇਂਕਟਾ ਵਾਸਮਸੈੱਟੀ ਦਾ ਹੈ, ਜੋ ਸਥਾਈ ਨਿਵਾਸੀ ਹੈ ਅਤੇ 2013 ਤੋਂ ਅਮਰੀਕੀ ਗ੍ਰੀਨ ਕਾਰਡ ਧਾਰਕ ਹੈ।

ਉਸ ਨੂੰ 11 ਅਗਸਤ ਨੂੰ ਉੱਤਰੀ ਕੈਰੋਲੀਨਾ ਵਿਚ ਨਿਰਧਾਰਤ ਜਾਂਚ ਲਈ ਪਹੁੰਚਣ 'ਤੇ ਆਈਸ ਨੇ ਹਿਰਾਸਤ ਵਿਚ ਲੈ ਲਿਆ।

ਵਾਸਮਸੈੱਟੀ 27 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਹਨ ਅਤੇ ਉੱਤਰੀ ਕੈਰੋਲੀਨਾ 'ਚ ਦਿਵਿਆਂਗ ਵਿਦਿਆਰਥੀਆਂ ਨਾਲ ਕੰਮ ਕਰਦੀਆਂ ਹਨ।

# ਐੱਫ.ਬੀ.ਆਈ ਦੀ ਮੋਸਟ ਵਾਂਟੇਡ ਸੂਚੀ 'ਚ ਸ਼ਾਮਲ ਹੋਇਆ ਖ਼ਤਰਨਾਕ ਗੈਂਗਸਟਰ ਦਾ ਸਾਥੀ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਖ਼ਤਰਨਾਕ ਗੈਂਗ ਜੱਗੂ ਭਗਵਾਨਪੁਰੀਆ ਦਾ ਮੁੱਖ ਕਾਰਕੁਨ ਮੇਜਰ ਸਿੰਘ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ। ਐੱਫ.ਬੀ.ਆਈ. ਵੱਲੋਂ ਜਾਰੀ ਕੀਤੀ ਗਏ ਰਿਲੀਜ਼ ਅਨੁਸਾਰ ਮੇਜਰ ਸਿੰਘ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਵਿਚ ਉਸਦੀ ਕਥਿਤ ਸ਼ਮੂਲੀਅਤ ਲਈ ਲੋੜੀਂਦਾ ਹੈ, ਜੋ ਕਿ ਰੈਕੇਟੀਅਰ ਪ੍ਰਭਾਵਿਤ ਅਤੇ ਭ੍ਰਿਸ਼ਟ ਸੰਗਠਨ ਸਾਜ਼ਿਸ਼; ਬਿਨਾਂ ਲਾਇਸੈਂਸ ਦੇ ਹਥਿਆਰਾਂ ਦੇ ਵਪਾਰ ਦੇ ਧੰਦੇ ਵਿਚ ਸ਼ਾਮਲ ਹੋਣ ਦੀ ਸਾਜ਼ਿਸ਼; ਨਿਯੰਤਰਿਤ ਪਦਾਰਥਾਂ ਨੂੰ ਵੰਡਣ ਅਤੇ ਵੰਡਣ ਦੇ ਇਰਾਦੇ ਨਾਲ ਕਬਜ਼ੇ ਵਿਚ ਰੱਖਣ ਦੀ ਸਾਜ਼ਿਸ਼ ਅਤੇ ਨਿਯੰਤਰਿਤ ਪਦਾਰਥਾਂ ਦੀ ਵੰਡ ਵਿਚ ਸ਼ਾਮਲ ਹੈ।

ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧ ਸਮੂਹ ਦੀ ਸ਼ੁਰੂਆਤ ਭਾਰਤ ਦੇ ਪੰਜਾਬ ਤੋਂ ਹੋਈ ਸੀ ਅਤੇ ਇਹ ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਅਤੇ ਹੋਰ ਥਾਵਾਂ 'ਤੇ ਸਰਗਰਮ ਸੀ। 25 ਜੂਨ, 2026 ਨੂੰ ਲਾਸ ਏਂਜਲਸ, ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਦੇ ਯੂਨਾਈਟਿਡ ਸਟੇਟਸ ਡਿਸਟ੍ਰਿਕਟ ਕੋਰਟ ਵਿਚ ਮੇਜਰ ਸਿੰਘ ਲਈ ਇੱਕ ਸੰਘੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਸ 'ਤੇ ਰੈਕੇਟੀਅਰ ਪ੍ਰਭਾਵਿਤ ਅਤੇ ਭ੍ਰਿਸ਼ਟ ਸੰਗਠਨਾਂ ਦੀ ਸਾਜ਼ਿਸ਼ ਅਤੇ ਬਿਨਾਂ ਲਾਇਸੈਂਸ ਦੇ ਹਥਿਆਰਾਂ ਦੇ ਵਪਾਰ ਦੇ ਧੰਦੇ ਵਿਚ ਸ਼ਾਮਲ ਹੋਣ ਦੀ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਸੀ।

ਇਸ ਤੋਂ ਪਹਿਲਾਂ ਐੱਫ.ਬੀ.ਆਈ. ਨੇ ਅੰਮ੍ਰਿਤਪਾਲ ਸਿੰਘ (30) ਦੀ ਤਸਵੀਰ ਜਾਰੀ ਕੀਤੀ ਸੀ, ਜਿਸਦੀ ਫਰਵਰੀ 2025 ਵਿਚ ਮੌਤ ਹੋ ਗਈ ਸੀ, ਅਤੇ ਪੰਜਾਬ ਦੇ ਇੱਕ ਹੋਰ ਨੌਜਵਾਨ ਦੀ ਤਸਵੀਰ ਜਾਰੀ ਕੀਤੀ ਸੀ, ਜਿਸਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ। ਜੂਨ ਵਿਚ, ਜੇਲ੍ਹ ਵਿਚ ਬੰਦ ਪੰਜਾਬੀ ਗੈਂਗਸਟਰ ਲਾਰੇਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਨੂੰ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਨੈੱਟਵਰਕਾਂ ਵਿਰੁੱਧ ਯੂ.ਐੱਸ. ਦੀ ਅਗਵਾਈ ਵਾਲੀ ਇੱਕ ਵਿਆਪਕ ਕਾਰਵਾਈ ਵਿਚ ਦੋਸ਼ੀ ਬਣਾਏ ਗਏ 37 ਮੁਲਜ਼ਮਾਂ ਵਿਚ ਸ਼ਾਮਲ ਕੀਤਾ ਗਿਆ ਸੀ। ਇਸ ਕਾਰਵਾਈ ਦਾ ਨਾਮ ਹਾਰਡ ਬਾਲ ਰੱਖਿਆ ਗਿਆ ਸੀ।

ਆਰ.ਸੀ.ਐੱਮ.ਪੀ. ਅਤੇ ਐੱਫ.ਬੀ.ਆਈ. ਨੇ ਸਾਂਝੇ ਤੌਰ 'ਤੇ 'ਅਪਰੇਸ਼ਨ ਹਾਰਡ ਬਾਲ' ਤਹਿਤ ਰਵਿੰਦਰ ਢੰਡਾ, ਬਿਸ਼ਨੋਈ ਅਤੇ ਭਗਵਾਨਪੁਰੀਆ ਗਿਰੋਹਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ 23 ਜੂਨ ਤੋਂ ਲੀਡਰਸ਼ਿਪ ਦੇ ਢਾਂਚੇ ਨੂੰ ਤਬਾਹ ਕੀਤਾ ਗਿਆ ਅਤੇ ਕਈ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਾਂਚਕਰਤਾਵਾਂ ਨੇ ਲਗਭਗ 1,000 ਕਿਲੋਗ੍ਰਾਮ ਕੋਕੀਨ, 1 ਕਿਲੋਗ੍ਰਾਮ ਹੈਰੋਇਨ, ਅਸਲਾ ਅਤੇ ਨਕਦੀ ਬਰਾਮਦ ਕੀਤੀ ਹੈ; ਕਈ ਸ਼ੱਕੀ ਅਜੇ ਵੀ ਭਗੌੜੇ ਹਨ। ਰਿਪੋਰਟ ਵਿਚ ਦੋਸ਼ ਲਗਾਇਆ ਗਿਆ ਹੈ ਕਿ ਇਹ ਨੈੱਟਵਰਕ ਭਾਰਤ, ਸੰਯੁਕਤ ਰਾਜ




ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਯੂਰਪ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਕੰਮ ਕਰਦੇ ਹੋਏ ਕਿਰਾਏ 'ਤੇ ਕਤਲ, ਫਿਰੌਤੀ, ਰੈਕੇਟੀਅਰਿੰਗ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਹਥਿਆਰਾਂ ਦੇ ਅਪਰਾਧ ਅਤੇ ਅਗਵਾ ਕਰਨ ਵਿਚ ਸ਼ਾਮਲ ਸਨ।

# ਪੈਂਟਾਗਨ ਵੱਲੋਂ 30 ਅਮਰੀਕੀ ਯੂਨੀਵਰਸਿਟੀਆਂ ਨੂੰ ਸਖ਼ਤ ਹੁਕਮ ਜਾਰੀ !

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਨੇ ਦੇਸ਼ ਦੀਆਂ 30 ਪ੍ਰਮੁੱਖ ਯੂਨੀਵਰਸਿਟੀਆਂ ਨੂੰ ਮੁੱਖ ਤੌਰ 'ਤੇ ਚੀਨੀ ਯੂਨੀਵਰਸਿਟੀਆਂ ਅਤੇ ਮਿਲਟਰੀ ਟ੍ਰੇਨਿੰਗ ਇੰਸਟੀਚਿਊਟਸ ਨਾਲ ਆਪਣੀ ਭਾਈਵਾਲੀ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਟਰੰਪ ਪ੍ਰਸ਼ਾਸਨ ਵੱਲੋਂ ਚੀਨ ਦੇ ਵਧਦੇ ਗਲੋਬਲ ਪ੍ਰਭਾਵ ਅਤੇ ਰਾਸ਼ਟਰੀ ਸੁਰੱਖਿਆ ਦੇ ਖਤਰਿਆਂ ਨੂੰ ਦੇਖਦਿਆਂ ਇਹ ਕਦਮ ਚੁੱਕਿਆ ਗਿਆ ਹੈ। ਪੈਂਟਾਗਨ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਇਹ ਯੂਨੀਵਰਸਿਟੀਆਂ ਅਗਲੇ ਦੋ ਹਫ਼ਤਿਆਂ ਦੇ ਅੰਦਰ ਆਪਣਾ ਆਡਿਟ ਪੂਰਾ ਨਹੀਂ ਕਰਦੀਆਂ ਅਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣਨ ਵਾਲੇ ਕਿਸੇ ਵੀ ਸਮਝੌਤੇ ਨੂੰ ਖ਼ਤਮ ਨਹੀਂ ਕਰਦੀਆਂ, ਤਾਂ ਉਨ੍ਹਾਂ ਦੀਆਂ ਸਰਕਾਰੀ ਗ੍ਰਾਂਟਾਂ ਅਤੇ ਫੰਡਿੰਗ ਰੋਕ ਦਿੱਤੀ ਜਾਵੇਗੀ। ਹਾਲਾਂਕਿ ਪੈਂਟਾਗਨ ਨੇ ਅਧਿਕਾਰਤ ਤੌਰ 'ਤੇ ਸੰਸਥਾਵਾਂ ਦੇ ਨਾਂ ਜਾਰੀ ਨਹੀਂ ਕੀਤੇ, ਪਰ ਇੱਕ ਸਰਕਾਰੀ ਅਧਿਕਾਰੀ ਅਨੁਸਾਰ ਇਨ੍ਹਾਂ ਵਿਚ ਹਾਰਵਰਡ ਯੂਨੀਵਰਸਿਟੀ, ਮੈਸਾਚੂਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਮ.ਆਈ.ਟੀ.) ਅਤੇ ਜੌਨਸ ਹੌਪਕਿਨਜ਼ ਯੂਨੀਵਰਸਿਟੀ ਵਰਗੀਆਂ ਨਾਮਵਰ ਸੰਸਥਾਵਾਂ ਸ਼ਾਮਲ ਹਨ।

ਪੈਂਟਾਗਨ ਦੇ ਚੀਫ਼ ਟੈਕਨਾਲੋਜੀ ਅਫ਼ਸਰ ਐਮਿਲ ਮਾਈਕਲ ਨੇ ਇਕ ਬਿਆਨ 'ਚ ਕਿਹਾ, ''ਟੈਕਸਪੇਅਰਜ਼ ਦੇ ਪੈਸੇ ਨਾਲ ਹੋਣ ਵਾਲੀ ਰਿਸਰਚ ਦੀ ਚੋਰੀ ਨੂੰ ਰੋਕਣਾ ਸਾਡੀ ਤਰਜੀਹ ਹੈ। ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੀਆਂ ਅਕਾਦਮਿਕ ਭਾਈਵਾਲੀਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।''ਜ਼ਿਕਰਯੋਗ ਹੈ ਕਿ ਇਹ ਹੁਕਮ ਪੈਂਟਾਗਨ ਵੱਲੋਂ ਜਾਰੀ ਕੀਤੀ ਗਈ 130 ਵਿਦੇਸ਼ੀ ਸੰਸਥਾਵਾਂ ਦੀ ਸੂਚੀ ਤੋਂ ਬਾਅਦ ਆਇਆ ਹੈ, ਜਿਨ੍ਹਾਂ 'ਤੇ ਅਮਰੀਕੀ ਸਰਕਾਰੀ ਰਿਸਰਚ ਦਾ ਗਲਤ ਫਾਇਦਾ ਚੁੱਕਣ ਦੇ ਦੋਸ਼ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਚੀਨੀ ਅਤੇ ਕੁਝ ਇਰਾਨੀ ਤੇ ਰੂਸੀ ਸੰਸਥਾਵਾਂ ਹਨ।



ਅਮਰੀਕਨ ਕੌਂਸਲ ਆਨ ਐਜੂਕੇਸ਼ਨ (ਏ.ਸੀ.ਈ.) ਨੇ ਬਿਨਾਂ ਕਿਸੇ ਠੋਸ ਸਬੂਤ ਦੇ ਯੂਨੀਵਰਸਿਟੀਆਂ 'ਤੇ ਅਜਿਹੇ ਦੋਸ਼ ਲਗਾਉਣ 'ਤੇ ਚਿੰਤਾ ਜਤਾਈ ਹੈ। ਦੂਜੇ ਪਾਸੇ, ਚੀਨੀ ਦੂਤਾਵਾਸ ਦੇ ਬੁਲਾਰੇ ਨੇ ਅਮਰੀਕਾ ਦੇ ਇਸ ਕਦਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਵਿਗਿਆਨਕ ਅਤੇ ਵਿਦਿਅਕ ਆਦਾਨ-ਪ੍ਰਦਾਨ ਦਾ ਸਿਆਸੀਕਰਨ ਨਹੀਂ ਕੀਤਾ ਜਾਣਾ ਚਾਹੀਦਾ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਰਿਸਕ, ਰਫ਼ਤਾਰ ਅਤੇ ਰਿਕਾਰਡ: ਵਿਸ਼ਵ ਉਦਮੀ ਦਿਵਸ

## ਲੀਕ ਤੋਂ ਹਟ ਕੇ ਸੋਚਣ ਵਾਲੇ: ਵਿਸ਼ਵ ਉਦਮੀ ਦਿਵਸ 21 ਅਗਸਤ 'ਤੇ ਵਿਸ਼ੇਸ

ਵਿਸ਼ਵ ਉੱਦਮੀ ਦਿਵਸ 'ਵਰਲਡ ਐਂਟਰਪ੍ਰਨਿਓਰਸ਼ਿਪ ਡੇ ' ਹਰ ਸਾਲ 21 ਅਗਸਤ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਸਾਲ 2026 ਵਿੱਚ ਇਹ ਦਿਵਸ ਨਵੀਂ ਸੋਚ, ਆਧੁਨਿਕ ਤਕਨਾਲੋਜੀ ਅਤੇ ਟਿਕਾਊ ਵਿਕਾਸ ਦੇ ਸੁਮੇਲ ਵਜੋਂ ਇੱਕ ਨਵਾਂ ਉਤਸ਼ਾਹ ਲੈ ਕੇ ਆਇਆ ਹੈ। ਇਹ ਦਿਵਸ ਉਹਨਾਂ ਲੋਕਾਂ ਦੀ ਮਿਹਨਤ, ਦ੍ਰਿੜਤਾ ਅਤੇ ਅਗਵਾਈ ਨੂੰ ਸਲਾਮ ਕਰਨ ਦਾ ਦਿਨ ਹੈ ਜੋ ਆਪਣੇ ਨਵੇਂ ਵਿਚਾਰਾਂ ਨਾਲ ਨਾ ਸਿਰਫ਼ ਵਪਾਰ ਖੜ੍ਹਾ ਕਰਦੇ ਹਨ, ਸਗੋਂ ਸਮਾਜ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਆਰਥਿਕਤਾ ਨੂੰ ਮਜ਼ਬੂਤ ਬਣਾਉਂਦੇ ਹਨ। ਇੱਕ ਉੱਦਮੀ ਉਹ ਵਿਅਕਤੀ ਹੁੰਦਾ ਹੈ ਜੋ ਜੋਖਮ ਉਠਾਉਣ ਤੋਂ ਨਹੀਂ ਡਰਦਾ ਅਤੇ ਮੁਸ਼ਕਲਾਂ ਵਿੱਚ ਵੀ ਨਵੇਂ ਮੌਕੇ ਤਲਾਸ਼ਦਾ ਹੈ।

ਅਜੋਕੇ ਦੌਰ ਵਿੱਚ ਖਾਸ ਕਰਕੇ 2026 ਵਿੱਚ ਐਂਟਰ ਪਰਨਿਓਰਸ਼ਿਪ ਭਾਵ ਉੱਦਮਤਾ ਦਾ ਸਰੂਪ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਅੱਜ ਦੇ ਨੌਜਵਾਨ ਆਰਟੀਫੀਸ਼ੀਅਲ ਇੰਟੈਲੀਜੈਂਸ , ਗ੍ਰੀਨ ਐਨਰਜੀ ਅਤੇ ਡਿਜੀਟਲ ਤਕਨੀਕਾਂ ਦੀ ਵਰਤੋਂ ਕਰਕੇ ਨਵੇਂ ਸਟਾਰਟ-ਅੱਪ ਸ਼ੁਰੂ ਕਰ ਰਹੇ ਹਨ। ਪੰਜਾਬ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਨੌਜਵਾਨ ਰਵਾਇਤੀ ਨੌਕਰੀਆਂ ਦੇ ਪਿੱਛੇ ਭੱਜਣ ਦੀ ਬਜਾਏ 'ਨੌਕਰੀ ਦੇਣ ਵਾਲੇ' ਬਣ ਰਹੇ ਹਨ ਜੋ ਕਿ ਇੱਕ ਬਹੁਤ ਹੀ ਸਕਾਰਾਤਮਕ ਤਬਦੀਲੀ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਲੋਕਾਂ ਵਿੱਚ ਵਪਾਰਕ ਸੋਚ ਨੂੰ ਉਤਸ਼ਾਹਿਤ ਕਰਨਾ ਅਤੇ ਉਹਨਾਂ ਨੂੰ ਸਵੈ-ਰੁਜ਼ਗਾਰ ਲਈ ਪ੍ਰੇਰਿਤ ਕਰਨਾ ਹੈ। ਅੱਜ ਦੇ ਸਮੇਂ ਵਿੱਚ ਔਰਤਾਂ ਵੀ ਉੱਦਮਤਾ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ। ਮਹਿਲਾ ਉੱਦਮੀ ਘਰੇਲੂ ਉਦਯੋਗਾਂ ਤੋਂ ਲੈ ਕੇ ਵੱਡੀਆਂ ਤਕਨੀਕੀ ਕੰਪਨੀਆਂ ਤੱਕ ਦੀ ਅਗਵਾਈ ਕਰ ਰਹੀਆਂ ਹਨ ਜਿਸ ਨਾਲ ਸਮਾਜਿਕ ਬਰਾਬਰੀ ਨੂੰ ਹੁਲਾਰਾ ਮਿਲ ਰਿਹਾ ਹੈ। ਸਰਕਾਰਾਂ ਵੱਲੋਂ ਵੀ ਸਟਾਰਟ-ਅੱਪਸ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੀਆਂ ਸਕੀਮਾਂ, ਲੋਨ ਅਤੇ ਸਿਖਲਾਈ ਪ੍ਰੋਗਰਾਮ ਚਲਾਏ ਜਾ ਰਹੇ ਹਨ ਤਾਂ ਜੋ ਨਵੇਂ ਵਿਚਾਰਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾ ਸਕੇ। ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਪਿਛਲੇ ਸਾਲਾਂ ਦੌਰਾਨ ਬਿਜ਼ਨਸ ਬਿਲਾਸਟਰ ਨਾਮ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਜੋ ਕਿ ਇਸ ਦਾ ਹੀ ਇੱਕ ਰੂਪ ਹੈ।

ਹਾਲਾਂਕਿ ਇੱਕ ਸਫ਼ਲ ਉੱਦਮੀ ਬਣਨ ਦਾ ਰਸਤਾ ਸੌਖਾ ਨਹੀਂ ਹੁੰਦਾ। ਇਸ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਜਿਵੇਂ ਕਿ ਪੂੰਜੀ ਦੀ ਘਾਟ, ਮਾਰਕੀਟ ਦਾ ਉਤਾਰ-ਚੜ੍ਹਾਅ ਅਤੇ ਅਸਫ਼ਲਤਾ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਪਰ ਸੰਸਾਰ ਉੱਦਮੀ ਦਿਵਸ ਸਾਨੂੰ ਇਹੀ ਸਿਖਾਉਂਦਾ ਹੈ ਕਿ ਅਸਫ਼ਲਤਾਵਾਂ ਤੋਂ ਡਰਨਾ ਨਹੀਂ ਚਾਹੀਦਾ, ਸਗੋਂ ਉਹਨਾਂ ਤੋਂ ਸਿੱਖ ਕੇ ਅੱਗੇ ਵਧਣਾ ਚਾਹੀਦਾ ਹੈ। ਸੰਸਾਰ ਉੱਦਮੀ ਦਿਵਸ 2026 ਦੇਸ਼ ਅਤੇ ਦੁਨੀਆ ਦੇ ਵਿਕਾਸ ਵਿੱਚ ਉੱਦਮੀਆਂ ਦੇ ਯੋਗਦਾਨ ਨੂੰ ਯਾਦ ਕਰਨ ਦਾ ਇੱਕ ਵਧੀਆ ਮੌਕਾ ਹੈ। ਅੱਜ ਦੇ ਨੌਜਵਾਨਾਂ ਨੂੰ ਨਵੀਂ ਸੋਚ ਅਪਣਾਉਣ, ਜੋਖਮ ਲੈਣ ਅਤੇ ਸਮਾਜ ਲਈ ਕੁਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਸੀਂ ਆਪਣੇ ਦੇਸ਼ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਲੈ ਕੇ ਜਾਣਾ ਚਾਹੁੰਦੇ ਹਾਂ ਤਾਂ ਸਾਨੂੰ ਉੱਦਮੀ ਸੋਚ ਨੂੰ ਘਰ-ਘਰ ਤੱਕ ਪਹੁੰਚਾਉਣਾ ਹੋਵੇਗਾ ਅਤੇ ਨਵੇਂ ਵਿਚਾਰਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰਨਾ ਹੋਵੇਗਾ।

**ਲੈਕਚਰਾਰ ਲਲਿਤ ਗੁਪਤਾ**
**ਮੰਡੀ ਅਹਿਮਦਗੜ੍ਹ**
**ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਸਿਆੜ**
9781590500






web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


TAKE CONTROL OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing, Hormone Testing, Diabetes Monitoring, STD Testing, & More!
NO INSURANCE? NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336


ELK GROVE
Thank You
ELK GROVE.
I am deeply grateful to the residents of Elk Grove for your incredible outpouring of love, support, and confidence.
I am truly honored to be running uncontested for re-election as your Mayor.
Together, we have made Elk Grove one of California's best places to live, and I look forward to continuing our work to keep our city safe, thriving, and strong.
ELK GROVE
BOBBIE
Singh-Allen
ELK GROVE MAYOR


ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

# ਪੱਗ ਨਾਲ ਟੌਹਰ ਵੱਖਰੀ-ਜਦੋਂ ਪੱਗ ਨੇ ਐਡਮਿੰਟਨ ਦੀ ਧਰਤੀ 'ਤੇ ਪਾਇਲਟ ਦੇ ਖੰਭ ਲਾ ਦਿੱਤੇ

**ਸਿਰ 'ਤੇ ਦਸਤਾਰ, ਹੱਥਾਂ ਵਿੱਚ ਜਹਾਜ਼ ਦੇ ਕੰਟਰੋਲ ਅਤੇ ਅੱਖਾਂ ਵਿੱਚ ਅਸਮਾਨ ਛੂਹਣ ਦੇ ਸੁਪਨੇ 17 ਸਾਲ ਦੀ ਉਮਰ ਵਿੱਚ ਪਾਇਲਟ ਲਾਇਸੈਂਸ ਹਾਸਲ ਕਰਨ ਵਾਲਾ ਕਰਨ ਪ੍ਰਤਾਪ ਸਿੰਘ ਬਣਿਆ ਨੌਜਵਾਨਾਂ ਲਈ ਪ੍ਰੇਰਣਾ**

ਭਾਰਤ ਦੇ ਕਿਸੇ ਵੀ ਕੋਨੇ ਤੋਂ ਲੈ ਕੇ ਦੁਨੀਆ ਦੇ ਕਿਸੇ ਵੀ ਮੁਲਕ ਤੱਕ ਚਲੇ ਜਾਓ, ਪੱਗ ਸਜਾਈ ਇੱਕ ਸਿੱਖ ਸ਼ਖ਼ਸੀਅਤ ਆਮ ਹੀ ਨਜ਼ਰ ਆ ਜਾਂਦੀ ਹੈ। ਭੀੜ ਵਿੱਚ ਸੈਂਕੜੇ ਚਿਹਰਿਆਂ ਦਰਮਿਆਨ ਜਦੋਂ ਕੋਈ ਪੱਗਧਾਰੀ ਸਿੱਖ ਨਜ਼ਰ ਆਉਂਦਾ ਹੈ ਤਾਂ ਉਸ ਦੀ ਪਹਿਚਾਣ ਲਈ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਰਹਿੰਦੀ। ਸਿਰ 'ਤੇ ਸਜੀ ਦਸਤਾਰ ਹੀ ਉਸ ਦੀ ਪਹਿਚਾਣ ਬਣ ਜਾਂਦੀ ਹੈ। ਕਈ ਵਾਰ ਤਾਂ ਅਣਜਾਣ ਲੋਕ ਵੀ ਸਿੱਖ ਦੀ ਸ਼ਾਨਦਾਰ ਪੱਗ ਨੂੰ ਵੇਖ ਕੇ ਸਤਿਕਾਰ ਨਾਲ ਆਖ ਉੱਠਦੇ ਹਨ"ਪੱਗ ਨਾਲ ਟੌਹਰ ਵੱਖਰੀ!"

ਦਰਅਸਲ ਪੱਗ ਸਿਰ 'ਤੇ ਬੰਨ੍ਹਿਆ ਮਹਿਜ਼ ਕੱਪੜਾ ਨਹੀਂ, ਸਗੋਂ ਸਿੱਖ ਦੀ ਪਹਿਚਾਣ, ਸਵੈ-ਮਾਣ, ਅਨੁਸ਼ਾਸਨ, ਜ਼ਿੰਮੇਵਾਰੀ, ਸਵੈ-ਵਿਸ਼ਵਾਸ ਅਤੇ ਵਿਰਸੇ ਨਾਲ ਜੁੜੀ ਮਾਣਮੱਤੀ ਨਿਸ਼ਾਨੀ ਹੈ। ਇਹੀ ਕਾਰਨ ਹੈ ਕਿ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਵੱਸਦੇ ਸਿੱਖ ਨੌਜਵਾਨ ਪੱਗ ਸਜਾ ਕੇ ਆਪਣੀ ਮਿਹਨਤ, ਕਾਬਲੀਅਤ ਅਤੇ ਹਿੰਮਤ ਦੇ ਝੰਡੇ ਬੁਲੰਦ ਕਰ ਰਹੇ ਹਨ।

ਟਰੱਕਾਂ ਦੀਆਂ ਸੜਕਾਂ ਤੋਂ ਲੈ ਕੇ ਹਵਾਈ ਜਹਾਜ਼ਾਂ ਦੇ ਕਾਕਪਿਟ ਤੱਕ, ਸੁਰੱਖਿਆ ਸੇਵਾਵਾਂ ਤੋਂ ਲੈ ਕੇ ਪ੍ਰਸ਼ਾਸਨਿਕ ਅਹੁਦਿਆਂ ਤੱਕ, ਇੰਜੀਨੀਅਰਿੰਗ, ਡਾਕਟਰੀ, ਵਪਾਰ, ਖੇਡਾਂ ਅਤੇ ਸਿਆਸਤ ਸਮੇਤ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇ ਜਿੱਥੇ ਪੱਗਧਾਰੀ ਸਿੱਖਾਂ ਨੇ ਆਪਣੀ ਮਿਹਨਤ ਅਤੇ ਕਾਬਲੀਅਤ ਦੀ ਛਾਪ ਨਾ ਛੱਡੀ ਹੋਵੇ।

ਇਸੇ ਮਾਣਮੱਤੀ ਪਰੰਪਰਾ ਨੂੰ ਹੋਰ ਉੱਚਾ ਚੁੱਕਣ ਵਾਲਾ ਇੱਕ ਨੌਜਵਾਨ ਚਿਹਰਾ ਅੱਜ ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਪ੍ਰੇਰਣਾ ਦਾ ਸਰੋਤ ਬਣਿਆ ਹੋਇਆ ਹੈ। ਇਹ ਨੌਜਵਾਨ ਹੈ 17 ਸਾਲਾ ਕਰਨ ਪ੍ਰਤਾਪ ਸਿੰਘ, ਜਿਸ ਨੇ ਛੋਟੀ ਉਮਰ ਵਿੱਚ ਹੀ ਅਜਿਹੀ ਉਪਲਬਧੀ ਹਾਸਲ ਕੀਤੀ ਹੈ, ਜਿਸ 'ਤੇ ਉਸ ਦਾ ਪਰਿਵਾਰ ਹੀ ਨਹੀਂ, ਸਗੋਂ ਪੰਜਾਬੀ ਅਤੇ ਸਿੱਖ ਭਾਈਚਾਰਾ ਵੀ ਮਾਣ ਮਹਿਸੂਸ ਕਰ ਸਕਦਾ ਹੈ।

ਪੱਗ ਸਜਾ ਕੇ ਪਾਇਲਟ ਬਣਨ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਵਾਲੇ ਕਰਨ ਪ੍ਰਤਾਪ ਸਿੰਘ ਨੇ ਐਡਮਿੰਟਨ ਦੀ ਧਰਤੀ 'ਤੇ ਪੱਗ ਦੀ ਸ਼ਾਨ ਨੂੰ ਅਸਮਾਨ ਦੀਆਂ ਉਚਾਈਆਂ ਤੱਕ ਪਹੁੰਚਾ ਦਿੱਤਾ ਹੈ। ਜਦੋਂ ਇੱਕ ਨੌਜਵਾਨ ਪੱਗ ਸਜਾ ਕੇ ਹਵਾਈ ਜਹਾਜ਼ ਦੇ ਕਾਕਪਿਟ ਵਿੱਚ ਬੈਠਦਾ ਹੈ ਤਾਂ ਇਹ ਸਿਰਫ਼ ਉਸ ਦੀ ਨਿੱਜੀ ਪ੍ਰਾਪਤੀ ਨਹੀਂ ਰਹਿੰਦੀ, ਸਗੋਂ ਇਹ ਉਸ ਸੋਚ ਦੀ ਜਿੱਤ ਬਣ ਜਾਂਦੀ ਹੈ ਜੋ ਆਖਦੀ ਹੈ ਕਿ ਪੱਗ ਕਿਸੇ ਵੀ ਮੰਜ਼ਿਲ ਦੇ ਰਾਹ ਵਿੱਚ ਰੁਕਾਵਟ ਨਹੀਂ, ਬਲਕਿ ਮਾਣ ਨਾਲ ਅੱਗੇ ਵਧਣ ਦੀ ਪਹਿਚਾਣ ਹੈ।

ਕਰਨ ਪ੍ਰਤਾਪ ਸਿੰਘ, ਸਤਿੰਦਰ 'ਸੁਕਰਾਤ' ਦਾ ਵੱਡਾ ਸਪੁੱਤਰ ਹੈ। ਸਤਿੰਦਰ 'ਸੁਕਰਾਤ' ਅਲਬਰਟਾ ਵਿੱਚ ਰੈੱਡ ਐੱਫ.ਐੱਮ. ਨਾਲ ਜੁੜੇ ਹੋਏ ਹਨ। ਕਰਨ ਪ੍ਰਤਾਪ ਅਤੇ ਉਸ ਦਾ ਪਰਿਵਾਰ ਕੈਨੇਡਾ ਦੇ ਨਾਗਰਿਕ ਹਨ, ਜਦ ਕਿ ਉਨ੍ਹਾਂ ਦੀਆਂ ਜੜ੍ਹਾਂ ਪੰਜਾਬ ਦੀ ਧਰਤੀ ਨਾਲ ਡੂੰਘੀ ਤਰ੍ਹਾਂ ਜੁੜੀਆਂ ਹੋਈਆਂ ਹਨ।

ਕਰਨ ਪ੍ਰਤਾਪ ਦੇ ਦਾਦਾ ਉੱਘੇ ਸਾਹਿਤਕਾਰ ਬਲਵਿੰਦਰ 'ਬਾਲਮ' ਗੁਰਦਾਸਪੁਰ ਹਨ, ਜੋ ਗੁਰਦਾਸਪੁਰ ਦੇ ਮੁਹੱਲਾ ਉੱਕਾਰ ਨਗਰ ਨਾਲ ਸਬੰਧਤ ਹਨ। ਇਸ ਤਰ੍ਹਾਂ ਪੰਜਾਬੀ ਵਿਰਸੇ ਅਤੇ ਸਾਹਿਤ ਨਾਲ ਜੁੜੀ ਇਹ ਪਰਿਵਾਰਕ ਵਿਰਾਸਤ ਹੁਣ ਅਲਬਰਟਾ ਦੇ ਅਸਮਾਨਾਂ ਵਿੱਚ ਵੀ ਆਪਣੀ ਵੱਖਰੀ ਪਛਾਣ ਬਣਾ ਰਹੀ ਹੈ।

ਗੁਰਦਾਸਪੁਰ ਦੀਆਂ ਗਲੀਆਂ ਤੋਂ ਅਲਬਰਟਾ ਦੇ ਅਸਮਾਨ ਤੱਕ ਪਹੁੰਚੀ ਇਹ ਪੱਗ ਮਾਨੋ ਇੱਕ ਸੁਨੇਹਾ ਦੇ ਰਹੀ ਹੈ ਸਿੱਖ ਦੀ ਪਹਿਚਾਣ ਸਿਰ 'ਤੇ ਸਜਦੀ ਹੈ, ਪਰ ਉਸ ਦੀ ਕਾਬਲੀਅਤ ਉਸ ਨੂੰ ਅਸਮਾਨਾਂ ਤੱਕ ਲੈ ਜਾਂਦੀ ਹੈ।

ਕਰਨ ਪ੍ਰਤਾਪ ਸਿੰਘ ਦੇ ਪਿਤਾ ਸਤਿੰਦਰ 'ਸੁਕਰਾਤ' ਨੇ ਵੀਡੀਓ ਕਾਲ ਰਾਹੀਂ ਇਸ ਲੇਖਕ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਰਨ ਨੇ ਮਹਿਜ਼ 14 ਸਾਲ ਦੀ ਉਮਰ ਵਿੱਚ ਕੈਡੇਟ ਪ੍ਰੋਗਰਾਮ ਵਿੱਚ ਦਾਖਲਾ ਲਿਆ ਸੀ। ਕੈਡੇਟ ਵਜੋਂ ਉਸ ਨੇ ਆਪਣੀ ਮਿਹਨਤ, ਅਨੁਸ਼ਾਸਨ, ਜ਼ਿੰਮੇਵਾਰੀ ਅਤੇ ਸ਼ਾਨਦਾਰ ਕਾਰਗੁਜ਼ਾਰੀ ਦੇ ਆਧਾਰ 'ਤੇ ਕਈ ਤਰੱਕੀਆਂ ਹਾਸਲ ਕੀਤੀਆਂ।

ਉਸ ਦੀਆਂ ਪ੍ਰਾਪਤੀਆਂ ਅਤੇ ਅਗਵਾਈ ਦੀਆਂ ਯੋਗਤਾਵਾਂ ਨੂੰ ਮਾਨਤਾ ਦਿੰਦਿਆਂ ਉਸ ਨੂੰ ਲਾਰਡ ਸਟ੍ਰੈਥਕੋਨਾ ਮੈਡਲ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਕੈਨੇਡਾ ਦੇ ਕੈਡੇਟਾਂ ਨੂੰ ਦਿੱਤਾ ਜਾਣ ਵਾਲਾ ਵੱਕਾਰੀ ਸਨਮਾਨ ਹੈ, ਜੋ ਸ਼ਾਨਦਾਰ ਪ੍ਰਦਰਸ਼ਨ, ਅਗਵਾਈ ਅਤੇ ਸਮਰਪਣ ਵਰਗੀਆਂ ਯੋਗਤਾਵਾਂ ਲਈ ਪ੍ਰਦਾਨ ਕੀਤਾ ਜਾਂਦਾ ਹੈ।

ਕੈਡੇਟ ਸਿਖਲਾਈ ਦੌਰਾਨ ਮਿਲੇ ਤਜਰਬੇ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਨੇ ਕਰਨ ਦੇ ਪਾਇਲਟ ਬਣਨ ਦੇ ਸੁਪਨੇ ਨੂੰ ਹੋਰ ਮਜ਼ਬੂਤ ਕੀਤਾ। ਉਸ ਨੇ ਪਾਇਲਟ ਲਾਇਸੈਂਸ ਲਈ ਲੋੜੀਂਦੇ ਟੈਸਟ ਅਤੇ ਇੰਟਰਵਿਊ ਸਫਲਤਾਪੂਰਵਕ ਪਾਸ ਕੀਤੇ ਅਤੇ ਮਹਿਜ਼ 17 ਸਾਲ ਦੀ ਉਮਰ ਵਿੱਚ ਪਾਇਲਟ ਲਾਇਸੈਂਸ ਹਾਸਲ ਕਰ ਲਿਆ।

ਇਹ ਉਪਲਬਧੀ ਆਪਣੇ ਆਪ ਵਿੱਚ ਇਸ ਲਈ ਵੀ ਵਿਲੱਖਣ ਹੈ ਕਿ ਜਿਸ ਉਮਰ ਵਿੱਚ ਬਹੁਤੇ ਨੌਜਵਾਨ ਆਪਣੇ ਭਵਿੱਖ ਦੀ ਦਿਸ਼ਾ ਤੈਅ ਕਰਨ ਬਾਰੇ ਸੋਚ ਰਹੇ ਹੁੰਦੇ ਹਨ, ਉਸ ਉਮਰ ਵਿੱਚ ਕਰਨ ਪ੍ਰਤਾਪ ਨੇ ਆਪਣੇ ਸੁਪਨੇ ਨੂੰ ਉਡਾਣ ਦੇ ਦਿੱਤੀ। ਉਸ ਦੇ ਸਿਰ 'ਤੇ ਪੱਗ ਹੈ, ਹੱਥਾਂ ਵਿੱਚ ਜਹਾਜ਼ ਦੇ ਕੰਟਰੋਲ ਹਨ ਅਤੇ ਅੱਖਾਂ ਵਿੱਚ ਭਵਿੱਖ ਦੇ ਹੋਰ ਵੀ ਵੱਡੇ ਸੁਪਨੇ।

ਪਰ ਕਰਨ ਪ੍ਰਤਾਪ ਦੀ ਉਡਾਣ ਸਿਰਫ਼ ਹਵਾਬਾਜ਼ੀ ਤੱਕ ਸੀਮਤ ਨਹੀਂ। ਉਹ ਇੱਕ ਵਧੀਆ ਬਾਸਕਟਬਾਲ ਖਿਡਾਰੀ ਵੀ ਹੈ। ਬਾਸਕਟਬਾਲ ਦੀ ਗੁੜਤੀ ਉਸ ਨੂੰ ਆਪਣੇ ਦਾਦਾ ਜੀ ਸਾਹਿਤਕਾਰ ਬਲਵਿੰਦਰ 'ਬਾਲਮ' ਗੁਰਦਾਸਪੁਰ ਤੋਂ ਮਿਲੀ ਹੈ। ਬਲਵਿੰਦਰ 'ਬਾਲਮ' ਗੁਰਦਾਸਪੁਰ ਆਪਣੀ ਜਵਾਨੀ ਦੇ ਖੇਡ ਦਿਨਾਂ ਦੌਰਾਨ ਪ੍ਰੀ-ਏਸ਼ੀਆ ਤੋਂ ਇਲਾਵਾ ਰਾਸ਼ਟਰੀ ਪੱਧਰ ਦੀਆਂ ਖੇਡਾਂ ਵਿੱਚ ਵੀ ਸੋਨੇ ਦੇ ਤਗਮੇ ਹਾਸਲ ਕਰ ਚੁੱਕੇ ਹਨ।

ਕਰਨ ਪ੍ਰਤਾਪ ਬਾਸਕਟਬਾਲ ਤੋਂ ਇਲਾਵਾ ਵਾਲੀਬਾਲ ਅਤੇ ਜੈਵਲਿਨ ਥਰੋ ਦਾ ਵੀ ਦਮਦਾਰ ਖਿਡਾਰੀ ਹੈ। ਉਹ ਸ਼ਹਿਰ ਪੱਧਰੀ ਭੰਗੜਾ ਟੀਮ ਦਾ ਹਿੱਸਾ ਵੀ ਰਹਿ ਚੁੱਕਾ ਹੈ। ਇਸ ਤਰ੍ਹਾਂ ਖੇਡਾਂ ਅਤੇ ਪੰਜਾਬੀ ਸੱਭਿਆਚਾਰ ਦੋਵਾਂ ਨਾਲ ਉਸ ਦਾ ਗੂੜ੍ਹਾ ਨਾਤਾ ਬਣਿਆ ਹੋਇਆ ਹੈ।

ਐਰੋਰਾ ਚਾਰਟਰ ਸਕੂਲ ਵਿੱਚ ਪੜ੍ਹਾਈ ਦੌਰਾਨ ਵੀ ਕਰਨ ਪ੍ਰਤਾਪ ਨੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕਈ ਵਾਰ ਸਨਮਾਨ ਹਾਸਲ ਕੀਤੇ। ਪੜ੍ਹਾਈ, ਖੇਡਾਂ, ਸੱਭਿਆਚਾਰ ਅਤੇ ਹਵਾਬਾਜ਼ੀ—ਇਨ੍ਹਾਂ ਸਾਰੇ ਖੇਤਰਾਂ ਵਿੱਚ ਸਰਗਰਮ ਰਹਿਣਾ ਉਸ ਦੀ ਬਹੁਪੱਖੀ ਸ਼ਖ਼ਸੀਅਤ ਦੀ ਝਲਕ ਪੇਸ਼ ਕਰਦਾ ਹੈ।

ਹੁਣ ਕਰਨ ਪ੍ਰਤਾਪ ਸਿੰਘ ਦੀਆਂ ਨਜ਼ਰਾਂ ਇੱਕ ਹੋਰ ਵੱਡੇ ਸੁਪਨੇ 'ਤੇ ਹਨ। ਉਹ ਅਲਬਰਟਾ ਯੂਨੀਵਰਸਿਟੀ ਵਿੱਚ ਡਾਕਟਰੀ ਦੀ ਪੜ੍ਹਾਈ ਕਰਕੇ ਭਵਿੱਖ ਵਿੱਚ ਡਾਕਟਰ ਬਣਨਾ ਚਾਹੁੰਦਾ ਹੈ। ਅਰਥਾਤ ਅਸਮਾਨਾਂ ਨੂੰ ਛੂਹਣ ਤੋਂ ਬਾਅਦ ਹੁਣ ਉਸ ਦਾ ਸੁਪਨਾ ਮਨੁੱਖਤਾ ਦੀ ਸੇਵਾ ਨਾਲ ਜੁੜਿਆ ਹੋਇਆ ਹੈ।



17 ਸਾਲ ਦੀ ਉਮਰ ਵਿੱਚ ਪਾਇਲਟ ਲਾਇਸੈਂਸ, ਕੈਡੇਟ ਵਜੋਂ ਵੱਕਾਰੀ ਸਨਮਾਨ, ਖੇਡਾਂ ਅਤੇ ਭੰਗੜੇ ਵਿੱਚ ਸਰਗਰਮੀ, ਨਾਲ ਹੀ ਪੜ੍ਹਾਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਪ੍ਰਤਾਪ ਸਿੰਘ ਦੀ ਇਹ ਯਾਤਰਾ ਨੌਜਵਾਨਾਂ ਨੂੰ ਇੱਕ ਵੱਡਾ ਸੁਨੇਹਾ ਦਿੰਦੀ ਹੈ ਕਿ ਜੇ ਸੁਪਨਾ ਵੱਡਾ ਹੋਵੇ, ਮਿਹਨਤ ਲਗਾਤਾਰ ਹੋਵੇ ਅਤੇ ਅਨੁਸ਼ਾਸਨ ਜੀਵਨ ਦਾ ਹਿੱਸਾ ਬਣ ਜਾਵੇ ਤਾਂ ਉਮਰ ਛੋਟੀ ਹੋਣ ਦੇ ਬਾਵਜੂਦ ਮੰਜ਼ਿਲਾਂ ਵੱਡੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

ਅੱਜ ਜਦੋਂ ਨਵੀਂ ਪੀੜ੍ਹੀ ਸਾਹਮਣੇ ਆਪਣੇ ਵਿਰਸੇ ਅਤੇ ਆਧੁਨਿਕਤਾ ਵਿਚਕਾਰ ਸੰਤੁਲਨ ਬਣਾਉਣ ਦੀ ਚੁਣੌਤੀ ਹੈ, ਕਰਨ ਪ੍ਰਤਾਪ ਸਿੰਘ ਵਰਗੇ ਨੌਜਵਾਨ ਇੱਕ ਸੁੰਦਰ ਅਤੇ ਮਾਣਮੱਤੀ ਉਦਾਹਰਨ ਪੇਸ਼ ਕਰਦੇ ਹਨ। ਸਿਰ 'ਤੇ ਪੱਗ, ਦਿਲ ਵਿੱਚ ਪੰਜਾਬ, ਮਨ ਵਿੱਚ ਸਿੱਖੀ ਦੀ ਪਹਿਚਾਣ ਅਤੇ ਅੱਖਾਂ ਵਿੱਚ ਅਸਮਾਨ ਨੂੰ ਛੂਹਣ ਦੇ ਸੁਪਨੇ ਇਹ ਸੁਮੇਲ ਹੀ ਨਵੀਂ ਪੀੜ੍ਹੀ ਦੀ ਅਸਲ ਤਾਕਤ ਬਣ ਸਕਦਾ ਹੈ।

ਕਰਨ ਪ੍ਰਤਾਪ ਦੀ ਕਾਮਯਾਬੀ ਦੇ ਪਿੱਛੇ ਪਰਿਵਾਰ ਦੀ ਪ੍ਰੇਰਣਾ, ਪੰਜਾਬੀ ਵਿਰਸੇ ਨਾਲ ਜੁੜਾਅ ਅਤੇ ਆਪਣੇ ਸੁਪਨੇ ਪ੍ਰਤੀ ਉਸ ਦੀ ਦ੍ਰਿੜ੍ਹਤਾ ਸਾਫ਼ ਨਜ਼ਰ ਆਉਂਦੀ ਹੈ। ਪੱਗ ਨੂੰ ਸਿਰ 'ਤੇ ਸਜਾ ਕੇ ਕਾਕਪਿਟ ਤੱਕ ਪਹੁੰਚਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਵਿਰਸਾ ਅਤੇ ਆਧੁਨਿਕਤਾ ਇੱਕ-ਦੂਜੇ ਦੇ ਵਿਰੋਧੀ ਨਹੀਂ। ਜਦੋਂ ਦੋਵੇਂ ਇਕੱਠੇ ਚੱਲਦੇ ਹਨ ਤਾਂ ਨਵੀਆਂ ਮੰਜ਼ਿਲਾਂ ਆਪਣੇ ਆਪ ਰਸਤਾ ਦੇਣ ਲੱਗ ਪੈਂਦੀਆਂ ਹਨ।

ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਸਤਿੰਦਰ 'ਸੁਕਰਾਤ' ਸਾਹਿਤਕਾਰ ਰਜਿੰਦਰ ਸਿੰਘ ਰਾਜਨ ਦੇ ਭਤੀਜੇ ਹਨ। ਉਨ੍ਹਾਂ ਨੇ ਵੀਡੀਓ ਕਾਲ ਰਾਹੀਂ ਕਰਨ ਪ੍ਰਤਾਪ ਸਿੰਘ ਦੀਆਂ ਉਪਲਬਧੀਆਂ ਬਾਰੇ ਇਹ ਜਾਣਕਾਰੀ ਸਾਂਝੀ ਕੀਤੀ।

ਕਰਨ ਪ੍ਰਤਾਪ ਸਿੰਘ ਦੀ ਕਹਾਣੀ ਸਿਰਫ਼ ਇੱਕ ਨੌਜਵਾਨ ਦੇ ਪਾਇਲਟ ਬਣਨ ਦੀ ਕਹਾਣੀ ਨਹੀਂ। ਇਹ ਪੱਗ ਦੀ ਉਸ ਸ਼ਾਨ ਦੀ ਕਹਾਣੀ ਹੈ ਜੋ ਗੁਰਦਾਸਪੁਰ ਤੋਂ ਐਡਮਿੰਟਨ ਅਤੇ ਧਰਤੀ ਤੋਂ ਅਸਮਾਨ ਤੱਕ ਆਪਣੀ ਪਹਿਚਾਣ ਬਣਾ ਰਹੀ ਹੈ। ਇਹ ਉਸ ਪੀੜ੍ਹੀ ਦੀ ਤਸਵੀਰ ਹੈ ਜੋ ਆਪਣੇ ਵਿਰਸੇ ਨੂੰ ਸਿਰ 'ਤੇ ਸਜਾ ਕੇ ਦੁਨੀਆ ਦੀਆਂ ਆਧੁਨਿਕ ਮੰਜ਼ਿਲਾਂ ਵੱਲ ਵਧ ਰਹੀ ਹੈ।

ਇਹ ਕਹਾਣੀ ਸਾਨੂੰ ਇਹ ਵੀ ਦੱਸਦੀ ਹੈ ਕਿ ਪੱਗ ਸਿਰਫ਼ ਪਹਿਚਾਣ ਨਹੀਂ ਇਹ ਆਤਮ-ਵਿਸ਼ਵਾਸ ਹੈ। ਇਹ ਸਿਰਫ਼ ਵਿਰਸਾ ਨਹੀਂ ਇਹ ਜ਼ਿੰਮੇਵਾਰੀ ਹੈ। ਇਹ ਸਿਰਫ਼ ਸ਼ਾਨ ਨਹੀਂ ਇਹ ਮਿਹਨਤ, ਅਨੁਸ਼ਾਸਨ ਅਤੇ ਕਾਬਲੀਅਤ ਨਾਲ ਜੁੜੀ ਹੋਈ ਪਹਿਚਾਣ ਹੈ।

ਇਸੇ ਲਈ ਹੁਣ ਗੱਲ ਸਿਰਫ਼ "ਪੱਗ ਨਾਲ ਟੌਰ ਵੱਖਰੀ" ਤੱਕ ਸੀਮਤ ਨਹੀਂ ਰਹਿੰਦੀ। ਜਦੋਂ ਪੱਗ ਕਾਕਪਿਟ ਤੱਕ ਪਹੁੰਚ ਜਾਵੇ, ਜਦੋਂ ਪੱਗਧਾਰੀ ਨੌਜਵਾਨ ਅਸਮਾਨਾਂ ਨੂੰ ਆਪਣੀ ਮੰਜ਼ਿਲ ਬਣਾ ਲਵੇ, ਜਦੋਂ ਉਸ ਦੇ ਹੱਥ ਜਹਾਜ਼ ਦੇ ਕੰਟਰੋਲ ਸੰਭਾਲਣ ਅਤੇ ਉਸ ਦੀਆਂ ਅੱਖਾਂ ਭਵਿੱਖ ਦੀਆਂ ਨਵੀਆਂ ਉਚਾਈਆਂ ਵੱਲ ਦੇਖਣ ਲੱਗਣ, ਤਾਂ ਦਿਲ ਆਪਣੇ ਆਪ ਆਖ ਉੱਠਦਾ ਹੈ "ਪੱਗ ਨਾਲ ਉਡਾਣ ਵੀ ਵੱਖਰੀ!"










RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


SERVPRO.
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਨਿੱਜਤਾ ’ਤੇ ਭਾਰੂ ਹੋ ਰਹੀ ਸਿਆਸਤ

ਕਿਸੇ ਵੀ ਲੋਕਤੰਤਰਿਕ ਦੇਸ਼ ਵਿੱਚ ਸਿਆਸਤ ਲੋਕ ਸੇਵਾ ਦਾ ਸਭ ਤੋਂ ਮਹੱਤਵਪੂਰਨ ਮਾਧਿਅਮ ਮੰਨੀ ਜਾਂਦੀ ਹੈ। ਲੋਕਤੰਤਰ ਵਿੱਚ ਸਿਆਸਤਦਾਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ, ਉਨ੍ਹਾਂ ਦੀ ਆਵਾਜ਼ ਬਣਨ ਅਤੇ ਸਮਾਜ ਤੇ ਦੇਸ਼ ਨੂੰ ਬਿਹਤਰ ਦਿਸ਼ਾ ਵੱਲ ਲੈ ਕੇ ਜਾਣ। ਪਰ ਅੱਜ ਦੀ ਸਿਆਸਤ ਦਾ ਇੱਕ ਚਿੰਤਾਜਨਕ ਪੱਖ ਇਹ ਹੈ ਕਿ ਵਿਚਾਰਾਂ ਅਤੇ ਨੀਤੀਆਂ ਦੀ ਥਾਂ ਹੌਲੀ-ਹੌਲੀ ਨਿੱਜੀ ਹਮਲੇ, ਦੋਸ਼ਾਂ ਅਤੇ ਚਰਿੱਤਰ ’ਤੇ ਟਿੱਪਣੀਆਂ ਨੇ ਲੈ ਲਈ ਹੈ। ਵਿਰੋਧੀ ਵਿਚਾਰ ਰੱਖਣ ਵਾਲੇ ਵਿਅਕਤੀ ਨੂੰ ਜਵਾਬ ਦੇਣ ਦੀ ਬਜਾਏ ਉਸ ਦੀ ਨਿੱਜੀ ਜ਼ਿੰਦਗੀ ਨੂੰ ਸਿਆਸੀ ਹਥਿਆਰ ਬਣਾਉਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਖ਼ਾਸ ਕਰਕੇ ਸਾਡੇ ਦੇਸ਼ ਦੀ ਸਿਆਸਤ ਵਿੱਚ ਵੀ ਲੋਕਾਂ ਦੇ ਮਸਲਿਆਂ ਅਤੇ ਦੇਸ਼ ਦੀ ਭਲਾਈ ਦੇ ਮਾਮਲਿਆਂ ਦੀ ਥਾਂ ਨਿੱਜੀ ਟਿੱਪਣੀਆਂ, ਮਜ਼ਾਕ ਉਡਾਉਣਾ,ਬੈਠਣ ਉੱਠਣ ਦੇ ਤਰੀਕਿਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਟਿੱਪਣੀਆਂ ਨਾ.ਲ ਸਿਆਸੀ ਲੀਡਰਾਂ ਦਾ ਸਿਆਸੀ ਪ੍ਰਭਾਵ ਦਿਸ਼ਾਹੀਣ ਤੇ ਭਟਕਿਆ ਹੋਇਆ ਨਜ਼ਰ ਆਉਂਦਾ ਹੈ।

ਲੋਕਤੰਤਰ ਵਿੱਚ ਸਿਆਸੀ ਵਿਰੋਧ ਹੋਣਾ ਸੁਭਾਵਿਕ ਹੈ। ਇੱਕ ਪਾਰਟੀ ਦੀ ਨੀਤੀ ਨਾਲ ਦੂਜੀ ਪਾਰਟੀ ਅਸਹਿਮਤ ਹੋ ਸਕਦੀ ਹੈ। ਸਰਕਾਰ ਦੇ ਕੰਮਾਂ ’ਤੇ ਸਵਾਲ ਉਠਾਉਣਾ ਵਿਰੋਧੀ ਧਿਰ ਦਾ ਅਧਿਕਾਰ ਵੀ ਹੈ ਅਤੇ ਜ਼ਿੰਮੇਵਾਰੀ ਵੀ। ਪਰ ਸਿਹਤਮੰਦ ਸਿਆਸਤ ਵਿੱਚ ਸਵਾਲ ਨੀਤੀਆਂ, ਫ਼ੈਸਲਿਆਂ ਅਤੇ ਕਾਰਗੁਜ਼ਾਰੀ ਬਾਰੇ ਹੋਣੇ ਚਾਹੀਦੇ ਹਨ। ਅੱਜ ਕਈ ਵਾਰ ਬਹਿਸ ਇਸ ਗੱਲ ’ਤੇ ਕੇਂਦਰਿਤ ਹੋ ਜਾਂਦੀ ਹੈ ਕਿ ਕਿਹੜੇ ਨੇਤਾ ਨੇ ਕੀ ਪਹਿਨਿਆ, ਕਿਸ ਨਾਲ ਕਿੱਥੇ ਗਿਆ, ਉਸ ਦੇ ਪਰਿਵਾਰ ਵਿੱਚ ਕੀ ਚੱਲ ਰਿਹਾ ਹੈ ਜਾਂ ਉਸ ਦੀ ਨਿੱਜੀ ਜ਼ਿੰਦਗੀ ਵਿੱਚ ਕੀ ਹੋ ਰਿਹਾ ਹੈ। ਇਸ ਤਰ੍ਹਾਂ ਦੀ ਸਿਆਸਤ ਨਾ ਤਾਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਦੀ ਹੈ ਅਤੇ ਨਾ ਹੀ ਲੋਕਤੰਤਰ ਨੂੰ ਮਜ਼ਬੂਤ ਕਰਦੀ ਹੈ। ਕਿਸੇ ਵਿਅਕਤੀ ਦਾ ਸਿਆਸਤ ਵਿੱਚ ਹੋਣਾ ਉਸ ਦੀ ਹਰ ਨਿੱਜੀ ਗੱਲ ਨੂੰ ਜਨਤਕ ਕਰਨ ਦਾ ਲਾਇਸੈਂਸ ਨਹੀਂ ਹੈ। ਜਨਤਕ ਅਹੁਦੇ ’ਤੇ ਬੈਠੇ ਵਿਅਕਤੀ ਦੇ ਜਨਤਕ ਕੰਮਾਂ ਦੀ ਜਾਂਚ-ਪੜਤਾਲ ਹੋਣੀ ਚਾਹੀਦੀ ਹੈ, ਪਰ ਉਸ ਦੇ ਪਰਿਵਾਰ, ਬੱਚਿਆਂ ਜਾਂ ਨਿੱਜੀ ਰਿਸ਼ਤਿਆਂ ਨੂੰ ਬੇਵਜ੍ਹਾ ਸਿਆਸੀ ਚਰਚਾ ਦਾ ਹਿੱਸਾ ਬਣਾਉਣਾ ਇੱਕ ਗੰਭੀਰ ਸਮਾਜਿਕ ਨਿਘਾਰ ਹੈ। ਇਹ ਗੱਲ ਆਮ ਲੋਕਾਂ ’ਤੇ ਵੀ ਲਾਗੂ ਹੁੰਦੀ ਹੈ। ਸੋਸ਼ਲ ਮੀਡੀਆ ਨੇ ਹਰ ਵਿਅਕਤੀ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੱਤਾ ਹੈ, ਪਰ ਇਸ ਆਜ਼ਾਦੀ ਦੇ ਨਾਲ ਜ਼ਿੰਮੇਵਾਰੀ ਵੀ ਜੁੜੀ ਹੋਈ ਹੈ। ਕਿਸੇ ਦੀ ਨਿੱਜੀ ਤਸਵੀਰ, ਪਰਿਵਾਰਕ ਮਾਮਲੇ ਜਾਂ ਨਿੱਜੀ ਜੀਵਨ ਨਾਲ ਜੁੜੀ ਜਾਣਕਾਰੀ ਨੂੰ ਬਿਨਾਂ ਸੋਚੇ ਸਿਆਸੀ ਮਕਸਦ ਲਈ ਵਰਤਣਾ ਕਿਸੇ ਵੀ ਤਰ੍ਹਾਂ ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਨਹੀਂ।

ਸੋਸ਼ਲ ਮੀਡੀਆ ਤੇ ਵਿਊ ਤੇ ਲਾਈਕ ਲੈਣ ਲਈ ਸਿਆਸੀ ਲੀਡਰਾਂ ਦੇ ਭਾਸ਼ਣਾਂ ਨੂੰ ਕੱਟ ਵੱਢ ਕੇ ਛੋਟੇ ਛੋਟੇ ਕਲਿੱਪ ਪਾ ਕੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਮਜ਼ਾਕੀਆ ਢੰਗ ਨਾਲ ਪੇਸ਼ ਕਰਨ ਦਾ ਰੁਝਾਨ ਵੀ ਜ਼ੋਰਾਂ ਸ਼ੋਰਾਂ ਤੇ ਹੈ। ਸੋਸ਼ਲ ਮੀਡੀਆ ਦੇ ਦੌਰ ਵਿੱਚ ਇੱਕ ਛੋਟੀ ਜਿਹੀ ਗੱਲ ਕੁਝ ਮਿੰਟਾਂ ਵਿੱਚ ਹਜ਼ਾਰਾਂ ਲੋਕਾਂ ਤੱਕ ਪਹੁੰਚ ਜਾਂਦੀ ਹੈ। ਕਲਿੱਪ ਕੱਟ ਕੇ, ਅਧੂਰੀ ਜਾਣਕਾਰੀ ਦੇ ਕੇ ਜਾਂ ਕਿਸੇ ਨਿੱਜੀ ਮਾਮਲੇ ਨੂੰ ਸਨਸਨੀਖੇਜ਼ ਬਣਾ ਕੇ ਲੋਕਾਂ ਦੀ ਰਾਇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਕਈ ਵਾਰ ਲੋਕ ਵੀ ਬਿਨਾਂ ਤੱਥ ਜਾਂਚੇ ਅਜਿਹੀਆਂ ਪੋਸਟਾਂ ਅੱਗਿਓਂ ਅੱਗੇ ਭੇਜ ਦਿੰਦੇ ਹਨ। ਇਸ ਨਾਲ ਸਿਰਫ਼ ਸਿਆਸਤਦਾਨ ਦੀ ਛਵੀ ਹੀ ਪ੍ਰਭਾਵਿਤ ਨਹੀਂ ਹੁੰਦੀ, ਸਗੋਂ ਉਸ ਦੇ ਪਰਿਵਾਰ ਅਤੇ ਨੇੜਲੇ ਲੋਕ ਵੀ ਬੇਲੋੜੇ ਵਿਵਾਦ ਵਿੱਚ ਘਸੀਟੇ ਜਾਂਦੇ ਹਨ। ਸਿਆਸਤ ਵਿੱਚ ਵਿਚਾਰਾਂ ਦਾ ਟਕਰਾਅ ਹੋ ਸਕਦਾ ਹੈ, ਪਰ ਵਿਅਕਤੀ ਦੀ ਇੱਜ਼ਤ ਦਾ ਨਹੀਂ। ਸਿਆਸੀ ਵਿਰੋਧੀ ਦੁਸ਼ਮਣ ਨਹੀਂ ਹੁੰਦਾ। ਅੱਜ ਜਿਸ ਨਾਲ ਸਿਆਸੀ ਅਸਹਿਮਤੀ ਹੈ, ਕੱਲ੍ਹ ਉਹੀ ਵਿਅਕਤੀ ਕਿਸੇ ਹੋਰ ਮਸਲੇ ’ਤੇ ਸਹਿਯੋਗੀ ਵੀ ਬਣ ਸਕਦਾ ਹੈ।

ਪੁਰਾਣੇ ਸਮਿਆਂ ਦੀ ਸਿਆਸਤ ਵਿੱਚ ਤਿੱਖੇ ਮਤਭੇਦਾਂ ਦੇ ਬਾਵਜੂਦ ਇੱਕ-ਦੂਜੇ ਲਈ ਮਰਿਆਦਾ ਰੱਖਣ ਦੀ ਪਰੰਪਰਾ ਸੀ। ਅੱਜ ਜੇ ਉਹ ਮਰਿਆਦਾ ਖਤਮ ਹੋਵੇਗੀ ਤਾਂ ਸਿਆਸੀ ਭਾਸ਼ਾ ਵੀ ਹੌਲੀ-ਹੌਲੀ ਹੋਰ ਹੇਠਾਂ ਜਾਵੇਗੀ। ਇਸ ਦਾ ਸਭ ਤੋਂ ਵੱਡਾ ਨੁਕਸਾਨ ਆਮ ਲੋਕਤੰਤਰਕ ਮਾਹੌਲ ਨੂੰ ਹੋਵੇਗਾ।

ਇਸ ਮਾਮਲੇ ਵਿੱਚ ਮੀਡੀਆ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਲੋਕਾਂ ਦੀ ਦਿਲਚਸਪੀ ਹਾਸਲ ਕਰਨ ਲਈ ਜੇ ਖ਼ਬਰਾਂ ਨੂੰ ਸਿਰਫ਼ ਸਨਸਨੀ, ਨਿੱਜੀ ਵਿਵਾਦ ਜਾਂ ਚਰਿੱਤਰਕ ਚਰਚਾ ਤੱਕ ਸੀਮਤ ਕਰ ਦਿੱਤਾ ਜਾਵੇ ਤਾਂ ਪੱਤਰਕਾਰੀ ਦਾ ਮੂਲ ਮਕਸਦ ਪਿੱਛੇ ਰਹਿ ਜਾਂਦਾ ਹੈ। ਪੱਤਰਕਾਰਤਾ ਦਾ ਕੰਮ ਇਹ ਪੁੱਛਣਾ ਹੋਣਾ ਚਾਹੀਦਾ ਹੈ ਕਿ ਸਰਕਾਰ ਨੇ ਕੀ ਕੀਤਾ? ਲੋਕਾਂ ਨੂੰ ਕੀ ਮਿਲਿਆ? ਵਾਅਦੇ ਕਿੰਨੇ ਪੂਰੇ ਹੋਏ? ਸਿੱਖਿਆ, ਸਿਹਤ, ਰੁਜ਼ਗਾਰ, ਖੇਤੀਬਾੜੀ ਅਤੇ ਮਹਿੰਗਾਈ ਬਾਰੇ ਕੀ ਨੀਤੀਆਂ ਹਨ? ਇਹ ਸਵਾਲ ਕਿਸੇ ਵੀ ਨਿੱਜੀ ਵਿਵਾਦ ਨਾਲੋਂ ਕਿਤੇ ਵੱਧ ਮਹੱਤਵਪੂਰਨ ਹਨ। ਸਿਆਸਤ ਨੂੰ ਗੰਧਲਾ ਕਰਨ ਵਿੱਚ ਸਿਰਫ਼ ਸਿਆਸਤਦਾਨ ਹੀ ਜ਼ਿੰਮੇਵਾਰ ਨਹੀਂ। ਦਰਸ਼ਕ ਅਤੇ ਵੋਟਰ ਵੀ ਉਸ ਸਮੱਗਰੀ ਨੂੰ ਉਤਸ਼ਾਹਿਤ ਕਰਦੇ ਹਨ ਜਿਸ ਨੂੰ ਉਹ ਵਾਰ-ਵਾਰ ਦੇਖਦੇ ਅਤੇ ਸਾਂਝਾ ਕਰਦੇ ਹਨ। ਜੇ ਲੋਕ ਨਿੱਜੀ ਹਮਲਿਆਂ ਦੀ ਬਜਾਏ ਨੀਤੀਆਂ ਅਤੇ ਕੰਮ ਦੀ ਗੱਲ ਸੁਣਨਾ ਪਸੰਦ ਕਰਨਗੇ ਤਾਂ ਸਿਆਸੀ ਪਾਰਟੀਆਂ ਨੂੰ ਵੀ ਆਪਣੀ ਭਾਸ਼ਾ ਅਤੇ ਰਣਨੀਤੀ ਬਦਲਣੀ ਪਵੇਗੀ।

ਸਿਆਸਤ ਨੂੰ ਮੁੜ ਲੋਕ ਮੁੱਦਿਆਂ ਵੱਲ ਲਿਆਉਣ ਦੀ ਲੋੜ

ਸਿਆਸਤ ਦਾ ਕੇਂਦਰ ਲੋਕ ਹੋਣੇ ਚਾਹੀਦੇ ਹਨ, ਨੇਤਾਵਾਂ ਦੀ ਨਿੱਜੀ ਜ਼ਿੰਦਗੀ ਨਹੀਂ। ਸਿਆਸੀ ਆਗੂਆਂ ਦੀ ਆਲੋਚਨਾ ਜ਼ਰੂਰ ਹੋਵੇ, ਪਰ ਉਹ ਤੱਥਾਂ ’ਤੇ ਆਧਾਰਿਤ ਹੋਵੇ। ਸਵਾਲ ਤਿੱਖੇ ਹੋਣ, ਪਰ ਭਾਸ਼ਾ ਮਰਿਆਦਾ ਵਾਲੀ ਹੋਵੇ। ਵਿਰੋਧ ਮਜ਼ਬੂਤ ਹੋਵੇ, ਪਰ ਨਿੱਜਤਾ ਦੀ ਹੱਦ ਦਾ ਸਤਿਕਾਰ ਵੀ ਕਾਇਮ ਰਹੇ। ਅਸਲ ਵਿੱਚ ਮਜ਼ਬੂਤ ਸਿਆਸਤ ਉਹ ਨਹੀਂ ਜਿਸ ਵਿੱਚ ਵਿਰੋਧੀ ਨੂੰ ਸਭ ਤੋਂ ਵੱਧ ਬਦਨਾਮ ਕੀਤਾ ਜਾਵੇ ਸਗੋਂ ਮਜ਼ਬੂਤ ਸਿਆਸਤ ਉਹ ਹੈ ਜਿਸ ਵਿੱਚ ਆਪਣੇ ਕੰਮ ਨੂੰ ਸਭ ਤੋਂ ਵੱਧ ਮਜ਼ਬੂਤੀ ਨਾਲ ਸਾਬਤ ਕੀਤਾ ਜਾਵੇ।

ਅੱਜ ਲੋੜ ਹੈ ਕਿ ਸਿਆਸਤ ਨਿੱਜੀ ਜ਼ਿੰਦਗੀ ਦੀ ਖੋਜ-ਖ਼ਬਰ ਤੋਂ ਹਟ ਕੇ ਲੋਕਾਂ ਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਵੱਲ ਧਿਆਨ ਦੇਵੇ। ਕਿਉਂਕਿ ਲੋਕਾਂ ਨੂੰ ਇਹ ਜਾਣਨ ਵਿੱਚ ਵੱਧ ਦਿਲਚਸਪੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ, ਰੁਜ਼ਗਾਰ ਕਿੱਥੋਂ ਮਿਲੇਗਾ, ਕਿਸਾਨ ਦੀ ਆਮਦਨ ਕਿਵੇਂ ਵਧੇਗੀ ਅਤੇ ਆਮ ਪਰਿਵਾਰ ਨੂੰ ਮਹਿੰਗਾਈ ਤੋਂ ਰਾਹਤ ਕਿਵੇਂ ਮਿਲੇਗੀ। ਨਿੱਜੀ ਜ਼ਿੰਦਗੀ ਨੂੰ ਸਿਆਸੀ ਹਥਿਆਰ ਬਣਾਉਣ ਨਾਲ ਸਿਆਸਤ ਸ਼ਾਇਦ ਕੁਝ ਸਮੇਂ ਲਈ ਗਰਮ ਹੋ ਜਾਂਦੀ ਹੈ ਪਰ ਲੋਕਤੰਤਰ ਮਜ਼ਬੂਤ ਨਹੀਂ ਹੁੰਦਾ। ਲੋਕਤੰਤਰ ਦੀ ਅਸਲ ਤਾਕਤ ਵਿਚਾਰਾਂ, ਨੀਤੀਆਂ, ਤੱਥਾਂ ਅਤੇ ਮਰਿਆਦਾ ਵਾਲੀ ਬਹਿਸ ਵਿੱਚ ਹੀ ਹੈ।

Now Open New Banquet Hall in Sacramento
For more info: Contact Paul : (916)334-6000




ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਨਾਤਾ

ਹੁੰਦਾ ਨਹੀਂ ਮੁਕਾਬਲਾ ਤੀਰ ਤੇ ਤਲਵਾਰ ਦਾ।
ਅੱਜਕੱਲ੍ਹ ਆਪਣਿਆਂ ਨੂੰ ਆਪਣਾ ਹੀ ਮਾਰਦਾ।
ਗੁੱਸੇ ਨਾਲ ਭਰੇ ਨੇ ਭਕਾਨਿਆਂ ਦੇ ਵਾਂਗ ਲੋਕ,
ਮਾੜੀ-ਮੋਟੀ ਗੱਲ ਨੂੰ ਵੀ ਕੋਈ ਨਾ ਸਹਾਰਦਾ।
ਕੀਤੀ ਹੋਏ ਮਦੱਦ ਜੀਦ੍ਹੀ ਪੈਰਾਂ ਤੇ ਖਲੋਣ ਲਈ,
ਦੁੱਖ ਹੁੰਦਾ ਜਦੋਂ ਛੁਰਾ ਪਿੱਠ'ਚ ਉਹ ਮਾਰਦਾ।
ਚੰਗੇ ਕੰਮਾਂ ਨਾਲ ਜਿਹੜਾ ਕੱਦ ਉੱਚਾ ਕਰੀ ਜਾਵੇ,
ਧੀ-ਪੁੱਤ ਉਹੀ ਸੀਨਾ ਮਾਪਿਆਂ ਦਾ ਠਾਰਦਾ।
ਜਿਉਂਦੇ ਜੀ ਨਾ ਕਦੇ ਅਹਿਸਾਨ ਉਹਦਾ ਭੁੱਲੀਏ,
ਔਖੀ ਘੜੀ ਵੇਲੇ ਹੈ ਵਕਤ ਜਿਹੜਾ ਸਾਰਦਾ।
ਜੱਗ ਦੀਆਂ ਤੁਹਮਤਾਂ ਦਾ ਹੁੰਦਾ ਏ ਸ਼ਿਕਾਰ ਬੰਦਾ,
ਹੁੰਦਾ ਏ ਗੁਲਾਮ ਜਿਹੜਾ ਆਪਣੀ ਹੀ ਨਾਰ ਦਾ।
ਸੱਜਣਾ ਦੇ ਨਾਲ ਨਾਤਾ ਐਨਾ ਗੂੜ੍ਹਾ ਚਾਹੀਦਾ,
ਹੁੰਦਾ ਏ ਨਾਤਾ ਜਿੱਦਾਂ ਫੁੱਲ ਅਤੇ ਖ਼ਾਰ ਦਾ।
ਨਗ਼ਦੋ-ਨਗ਼ਦ ਸੌਦਾ ਖਰਾ ਰਹਿੰਦਾ 'ਨਾਗਰਾ',
ਵਕਤ ਨਾ ਹੁਣ ਕਹਿੰਦੇ ਰਹਿ ਗਿਆ ਉਧਾਰ ਦਾ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



# ਅੱਜ ਨਸ਼ਾ ਨਹੀਂ ਹੋਇਆ

ਅੱਜ ਪਤਾ ਨਹੀਂ ਕਿਉਂ ਨਸ਼ਾ ਨਹੀਂ ਹੋਇਆ,
ਸ਼ਰਾਬ ਤਾਂ ਉਹੀ ਸੀ,
ਜਿਹੜੀ ਰੋਜ਼ ਮੇਰੇ ਹੱਥਾਂ ਵਿੱਚ ਆਉਂਦੀ ਏ,
ਪਰ ਅੱਜ ਜਾਮ ਨੇ ਵੀ
ਮੇਰੇ ਦਿਲ ਨੂੰ ਛੂਹ ਕੇ ਵੇਖਿਆ
ਤੇ ਖਾਲੀ ਮੁੜ ਗਿਆ।
ਕੀ ਸ਼ਰਾਬ ਅੱਜ ਘਟੀਆ ਸੀ,
ਜਾਂ ਰੰਗ ਯਾਦਾਂ ਦਾ ਫਿੱਕਾ ਪੈ ਗਿਆ ?
ਜਾਂ ਫਿਰ ਤੇਰੀ ਬੇਵਫ਼ਾਈ ਨੇ
ਮੇਰੇ ਅੰਦਰੋਂ ਉਹ ਦਰਦ ਵੀ ਖੋਹ ਲਿਆ,
ਜਿਹੜਾ ਹਰ ਸਮਾਂ, ਹਰ ਰਾਤ
ਮੈਨੂੰ ਨਸ਼ੇ ਵਿੱਚ ਰੱਖਦਾ ਸੀ?
ਨਾ ਸ਼ਰਾਬ ਘਟੀਆ ਸੀ,
ਨਾ ਜਾਮ ਵਿੱਚ ਕੋਈ ਕਮੀ ਸੀ,
ਫਿਰ ਅੱਜ ਕਿਉਂ ਮੇਰੀਆਂ ਅੱਖਾਂ ਵਿੱਚ
ਉਹ ਪੁਰਾਣੀ ਨਮੀ ਨਹੀਂ ਸੀ?
ਯਾਰ.......
ਅੱਜ ਤਾਂ ਦਿਲ ਵੀ ਟੁੱਟਿਆ ਪਿਆ ਏ,
ਬੇਵਫ਼ਾਈ ਵੀ ਕੋਲ ਬੈਠੀ ਏ,
ਜਾਮ ਵੀ ਭਰਿਆ ਪਿਆ ਏ
ਪਰ ਨਸ਼ਾ ਨਹੀਂ ਹੋਇਆ।
ਸ਼ਰਾਬ ਦਾ ਨਸ਼ਾ ਤਾਂ ਚੰਗਾ ਏ
ਚੜ੍ਹਦਾ ਏ,
ਉਤਰ ਜਾਂਦਾ ਏ।
ਪਰ ਯਾਦਾਂ ਦਾ ਨਸ਼ਾ...
ਇਹ ਤਾਂ ਹੱਡੀਆਂ ਤੱਕ ਵੱਸ ਜਾਂਦਾ ਏ,
ਨਾ ਪੀਤਾ ਜਾਂਦਾ ਏ,
ਨਾ ਉਤਾਰਿਆ ਜਾਂਦਾ ਏ।
ਇਸ ਲਈ ਮੈਂ ਗਰੀਬ ਸ਼ਰਾਬੀ
ਅੱਜ ਵੀ ਸੋਚਦਾ ਹਾਂ...
ਨਸ਼ਾ ਸ਼ਰਾਬ ਦਾ ਹੋਵੇ ਤਾਂ ਚੰਗਾ,
ਕਿਉਂਕਿ ਉਹ ਸਵੇਰ ਤੱਕ ਉਤਰ ਜਾਂਦਾ ਏ...
ਪਰ ਜੇ ਨਸ਼ਾ ਵਿਰਹਾ ਦਾ ਹੋ ਜਾਵੇ,
ਤਾਂ ਬੰਦਾ ਜਿਉਂਦਾ ਰਹਿ ਕੇ ਵੀ
ਅੰਦਰੋਂ ਮਰ ਜਾਂਦਾ ਏ।
ਅੱਜ ਪਤਾ ਨਹੀਂ ਕਿਉਂ ਯਾਰ ਨਸ਼ਾ ਨਹੀਂ ਹੋਇਆ,
ਸ਼ਰਾਬ ਤਾਂ ਉਹੀ ਸੀ...
ਸ਼ਾਇਦ ਮੇਰੇ ਅੰਦਰਲਾ ਦਰਦ ਹੀ
ਅੱਜ ਮੇਰੇ ਤੋਂ ਪਹਿਲਾਂ ਨਸ਼ੇ ਵਿੱਚ ਸੀ।
ਤੇ ਮੈਂ ਵਾਂਗ ਬਣ ਸ਼ਰਾਬੀ ਸਾਰੀ ਰਾਤ
ਖਾਲੀ ਜਾਮ ਨੂੰ ਤੱਕਦਾ ਰਿਹਾ
ਸੋਚਦਾ ਰਿਹਾ,
ਸ਼ਰਾਬ ਕਿਹੜੀ ਮਾੜੀ ਸੀ...
ਜਾਂ ਯਾਦ ਤੇਰੀ ਅੱਜ
ਮੇਰੇ ਨਾਲੋਂ ਵੀ ਵੱਧ ਸਿਆਣੀ ਸੀ
ਅੱਜ ਪਤਾ ਨਹੀਂ ਕਿਉਂ
"ਰਿੰਪੂ" ਨੂੰ ਨਸ਼ਾ ਨਹੀਂ ਹੋਇਆ...
ਸ਼ਾਇਦ ਉਹ ਤੈਨੂੰ ਭੁੱਲਿਆ ਨਹੀਂ ਸੀ
ਬਸ ਤੇਰੇ ਬਿਨਾਂ ਜਿਉਣਾ ਸਿੱਖ ਗਿਆ ਸੀ।



ਸਾਂਝੀ ਸੋਚ
ਰੋਹਿਤ ਵਰਮਾ
7837479803

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




**e-Baba Entertainment App ਨੂੰ Download ਕਰੋ।**

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉੱਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

2955 N. Wilson Way Stockton , CA 95205


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਸਾਂਝੀ ਸੋਚ

# SANJHI SOCH TV & DAILY NEWSPAPER




## TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

## Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260